## ਪਹਿਲੀ ਉਦਾਸੀ। ਭਾਗ –7

# ਮਾਘ ਦੇਸ ਅਤੇ ਬਰਮਾ ਦੀ ਉਦਾਸੀ

### ਰਾਖਸ਼ਾਂ ਦੇ ਮਾਘ–ਦੇਸ ਪਹੁੰਚ ਗਇਆ ਬਾਬਾ– ਰਾਜਾ ਮਿੰਨ ਰਜਾ ਨਾਲ ਗੋਸਟਿ

ਆਗੇ ਸਾਖੀ ਲਿਖਤੇ। ਰਾਜੇ ਮਧੁਰਬੈਨ ਤਥਾ ਸਭ ਨਾਲ ਹੋਈ। (ਬਾਲੇ ਵਾਲੀ ਪੰਨਾ-177)




ਬਰਮਾ ਤੇ ਭਾਰਤੀ ਸੂਬਿਆਂ (ਅਰੁਨਾਚਲ, ਨਾਗਾਲੈਂਡ, ਮਨੀਪੁਰ ਤੇ ਮਿਜ਼ੋਰਮ) ਦਰਮਿਆਨ ਇੱਕ ਪਹਾੜੀ ਸਿਲਸਿਲਾ ਹੈ ਜਿਸ ਨੂੰ ਜਨਮ ਸਾਖੀ ਦੇ ਲਿਖਾਰੀਆਂ ਨੇ ਸਿਲਮਿਲਾ ਪਹਾੜੀਆਂ ਲਿਖਿਆ ਹੈ। ਇਹੋ ਸਿਲਸਿਲਾ ਫਿਰ ਚਿਟਾਗਾਂਗ ਲਾਗੇ ਬੰਗਾਲ ਦੀ ਖਾੜੀ ਤੋਂ ਥੋੜਾ ਹਟਵਾ ਰਹਿ ਕੇ ਸਮੁੰਦਰ ਦੇ ਨਾਲ ਨਾਲ ਪੂਰਬ ਨੂੰ ਮੁੜ ਜਾਂਦਾ ਹੈ। ਚਿੱਟਾਗਾਂਗ ਤੋਂ ਸ਼ੁਰੂ ਹੋ ਕੇ ਇਸ ਸਿਲਸਿਲੇ ਤੇ ਸਮੁੰਦਰ ਦਰਮਿਆਨ ਜਿਹੜੀ ਘਾਟੀ ਬਣਦੀ ਹੈ ਉਨੂੰ ਆਰਾਕਾਨ ਦੇਸ ਕਿਹਾ ਜਾਂਦਾ ਹੈ ਜਿਥੋਂ ਦੇ ਵਾਸੀ ਅੱਜ ਰੋਹਿੰਗਿਆ ਮੁਸਲਮਾਨ ਹਨ। ਓਹੋ ਰੋਹਿੰਗਿਆ ਜਿੰਨਾਂ ਨੂੰ ਪਿਛੇ ਬਰਮਾਂ ਵਿਚ ਵੱਡੀ ਮਾਰ ਪਈ ਸੀ। ਹਜਾਰਾਂ ਦਾ ਕਤਲਾਮ ਹੋਇਆ। ਇਹ ਦੌੜ ਕੇ ਕੁਝ ਭਾਰਤ ਆਏ ਕੁਝ ਬੰਗਲਾ ਦੇਸ। ਆਰਾਕਾਨ ਇਲਾਕਾ ਬਰਮਾ ਜਾਂ ਮਿਆਮਾਰ ਦੇ ਕੰਟਰੋਲ ਤਹਿਤ ਹੈ। ਆਰਾਕਾਨ ਦੇ ਸਾਹਮਣੇ ਅੰਡੇਮਾਨ ਸਮੁੰਦਰ ਵਿੱਚ ਵੀ ਸੈਕੜੇ ਟਾਪੂ ਵੀ ਹਨ। ਇਹ ਵੀ ਏਸੇ ਦੇਸ ਦਾ ਹਿਸਾ ਹਨ।

ਇਥੋਂ ਦੇ ਵਸਨੀਕਾਂ ਨੂੰ ਆਰਾਕਾਨੀ ਜਾਂ ਰਖਾਈਨ (ਰਾਖਸ਼) ਕਿਹਾ ਜਾਂਦਾ ਹੈ। ਉਹ ਆਪ ਹੀ ਆਪਣੇ ਬਾਰੇ ਲਿਖਦੇ ਹਨ ਕਿ ਪੁਰਾਣੇ ਜਮਾਨੇ ਵਿੱਚ ਸਾਨੂੰ ਰਾਖਸ਼ ਕਿਹਾ ਜਾਂਦਾ ਸੀ। ਉਨਾਂ ਲੋਕਾਂ ਨੂੰ ਹਿੰਦੁਸਤਾਨ ਵਿੱਚ ਮਾਘ ਲੋਕ ਕਹਿ ਕੇ ਯਾਦ ਕੀਤਾ ਜਾਂਦਾ ਸੀ। ਬੰਗਾਲੀ ਲੋਕ ਇਨਾਂ ਨੂੰ ਆਰਾਕਾਨੀ ਕਹਿੰਦੇ ਹਨ। 15ਵੀ ਸਦੀ ਵਿੱਚ ਇਸ ਦੇਸ ਦੀ ਰਾਜਧਾਨੀ 'ਮਰਾਕ ਊ' ਸੀ। 1404-1434 ਈ ਤੱਕ ਇੱਕ ਰਾਜਾ ਹੋਇਆ 'ਨਰ ਮੇਖਲਾ' ਨਾਂ ਦਾ, ਉਸ ਨੇ ਬੰਗਾਲ ਦੇ ਸੁਲਤਾਨ ਦੀ ਈਨ ਮੰਨ ਕੇ ਮਰਾਕ ਊ ਨੂੰ ਬੰਗਾਲ ਦਾ ਹਿਸਾ ਮੰਨ ਲਿਆ ਸੀ। ਕਹਿਣ ਤੋਂ ਮਤਲਬ ਜਦੋਂ ਗੁਰੂ ਸਾਹਿਬ ਚਿੱਟਾਗਾਂਗ ਜਾਂਦੇ ਨੇ ਓਦੋਂ ਮਾਘ ਦੇਸ ਤੇ ਵੀ ਬੰਗਾਲ ਦੇ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ (ਜਨਮ ਸਾਖੀ ਦਾ ਸੁਧ੍ਰ ਸੈਨ) ਦਾ ਰਾਜ ਸੀ। ਜਿਸ ਕਰਕੇ ਇਹ ਕਾਰਨ ਬਣਦਾ ਹੈ ਗੁਰੂ ਸਾਹਿਬ ਦਾ ਮਾਘ ਦੇਸ ਵਿਚ ਜਾਣ ਦਾ।

ਗੁਰੂ ਸਾਹਿਬ ਦੇ ਇਸ ਇਲਾਕੇ ਤੋਂ ਵਾਪਸ ਆਉਣ ਤੋਂ ਕੁਝ ਸਾਲ ਬਾਦ ਭਾਵ ਅਲਾਉਦੀਨ ਹੁਸੈਨ ਸ਼ਾਹ ਦੀ ਮੌਤ ਤੋਂ ਬਾਦ ਭਾਵ

ਖੋਜ ਸਫ਼ਾ

**ਬਾਲੇ ਵਾਲੀ ਜਨਮ ਸਾਖੀ ਵਿੱਚ ਹੇਠ ਲਿਖੀਆਂ ਸਾਖੀਆਂ ਆਉਦੀਆਂ ਹਨ ਜਿੰਨਾਂ ਦਾ ਸਬੰਧ ਬਰਮਾ ਨਾਲ ਸਾਬਤ ਹੁੰਦਾ ਨਜਰ ਆ ਰਿਹਾ ਹੈ:–**

1.ਪੰਨਾ 168. ਆਗੇ ਸਾਖੀ ਲਿਖਤੇ। ਸੁਧ੍ਰ ਸੈਨ ਤਥਾ ਇੰਦ੍ਰ ਸੈਨ ਤਥਾ ਝੰਡੇ ਬਾਢੀ ਨਾਲ ਹੋਈ ਗੋਸਟਿ (ਇਹ ਬਰਮਾ ਦੀ ਸਰਹੱਦ ਤੇ ਬੰਗਲਾਦੇਸ਼ ਦੇ ਸ਼ਹਿਰ ਚਿਟਾਗਾਂਗ ਵਿਖੇ ਸਾਬਤ ਹੁੰਦੀ ਹੈ। (ਸਾਖੀ ਪਿੱਛੇ ਆ ਚੁੱਕੀ ਹੈ)

2.ਪੰਨਾ-177. ਆਗੇ ਸਾਖੀ ਲਿਖਤੇ। ਰਾਜੇ ਮਧੁਰਬੈਨ ਤਥਾ ਸਭ ਨਾਲ ਹੋਈ। (ਸਿਲਮਿਲਾ ਦੀਪ, ਸ਼ਹਿਰ ਦਾ ਨਾਉ ਬ੍ਰਹਮ ਪੁਰ।) - ਅੱਜ ਪਛਾਣ - ਰਖਾਈਨ ਦੇਸ ਦੀ ਰਾਜਧਾਨੀ 'ਮਰਾਕ ਯੂ' ਸਾਬਤ ਹੁੰਦੀ ਹੈ।

3.ਪੰਨਾ-180. ਅਗੇ ਜੰਬੂ ਦੀਪ ਨੂੰ ਚਲੇ। ਆਗੇ ਸਾਖੀ ਲਿਖਤੇ ਦੇਵਲੂਤ ਤਥਾ ਹੋਰਨਾਂ ਨਾਲ ਗੋਸਟਿ ਹੋਈ।(ਜਿਥੇ ਕੜਾਹੇ ਵਿੱਚ ਤਲੀਦਾ (ਇਨਸਾਨ) ..ਸ਼ਹਿਰ ਦਾ ਨਾਂ ਨਾਓ ਦੇਉਗੀਧਾਰ। ..ਵੱਡਾ ਰਾਜਾ..ਸਤਾਰਾਂ ਲੱਖ ਦੇਉ ਇਸ ਦੇ ਸਲਾਮੀ।)-- ਅੱਜ ਪਛਾਣ - ਸ਼ਹਿਰ ਦਾ ਨਾਂ ਬਾਗੋ। ਰੰਗੂਨ ਤੋਂ 91 ਕਿ.ਮੀ. ਉਤਰ ਪੂਰਬ ਵਿੱਚ।

4.ਪੰਨਾ-192. ਆਗੇ ਹੋਰ ਉਦਾਸੀ ਸਾਖੀ ਚਲੀ।(ਧਰਮ ਸਿੰਘ ਤੇ ਕਵਲ ਨੈਨ ਨਾਲ) (7 ਮਹੀਨੇ 13 ਦਿਨ ਸਮੁੰਦਰ ਵਿੱਚ ਚਲੇ ਥੇ। ਅੱਗੇ ਕੋਹਾਂ ਚੌਹਾਂ ਤੇ ਸ਼ਹਿਰ ਨਜਰ ਆਇਆ। ਸਵੱਰਨਪੁਰ। ਸਭ ਕੁਝ ਸੋਨੇ ਦਾ। - ਅੱਜ ਪਛਾਣ - ਆਵਾ ਜਾਂ ਇਨਵਾ -ਦੇਸ ਦੀ ਰਾਜਧਾਨੀ।

ਨਾਲ ਦਿੱਤਾ ਨਕਸ਼ਾ ਵੇਖੋ ਜੀ।

ਕਿਉਕਿ ਇਨਾਂ ਤਿੰਨਾਂ ਸਾਖੀਆਂ ਦਾ ਸਬੰਧ ਚਿਟਾਗਾਂਗ ਦੇ ਰਾਜੇ ਸੁਧ੍ਰ ਸੈਨ (ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ) ਨਾਲ ਜੁੜਦਾ ਹੈ। ਇਸ ਕਰਕੇ ਇਹ ਪੂਰਬ ਜਾਂ ਦੂਰ ਪੂਰਬ ਤੋ ਸਿਵਾ ਹੋਰ ਕਿਸੇ ਥਾਂ ਦੀਆਂ ਨਹੀ ਹੋ ਸਕਦੀਆਂ। ਕਿਉਕਿ ਬਾਦਸ਼ਾਹ ਹੁਸੈਨ ਸ਼ਾਹ ਦਾ ਮਾਘ ਦੇਸਾਂ ਭਾਵ ਰਖਾਈਨ ਦੇਸਾਂ ਤੇ ਵੀ ਰਾਜ ਸੀ ਇਸ ਕਰਕੇ ਇਹ ਬਰਮਾਂ ਨਾਲ ਇਨਾਂ ਦਾ ਸਬੰਧ ਹੋਣਾ ਸਹਿਲਾ ਸਾਬਤ ਹੁੰਦਾ ਹੈ। ਜਦੋਂ ਗੁਰੂ ਸਾਹਿਬ ਮੀਆਂਮਾਰ ਤੇ ਰਖਾਈਨ ਦੇਸ ਵਿੱਚ ਆਏ ਮੁਲਕ ਮੁਖ ਤੌਰ ਤੇ ਤਿੰਨ ਵੱਡੀਆਂ ਰਿਆਸਤਾਂ ਵਿੱਚ ਸੀ। ਹਾਲਾਂ ਅੱਗੇ ਬਾਜਗੁਜਾਰ ਰਾਜੇ ਵੀ ਹੈ ਸਨ। ਤਿੰਨ ਮੁਖ ਭਾਗ ਸਨ:

1. ਰਖਾਈਨ- ਰਾਜਧਾਨੀ ਮਰਾਕ ਊ।
2. ਹੰਥਾਵੱਡੀ (ਹੰਸਾਵਤੀ) ਰਿਆਸਤ -ਰਾਜਧਾਨੀ ਬਾਗੋ।
3. ਆਵਾ ਰਿਆਸਤ -ਰਾਜਧਾਨੀ ਆਵਾ।

—

ਇਹ ਗੱਲ ਦਰੁਸਤ ਨਹੀ ਜਿਹੜੇ ਇਸ ਸਾਖੀ ਨੂੰ ਰਖਾਈਨ ਦੇਸ ਤੋਂ ਪਰੇ ਓਰੇ ਲੈ ਜਾਂਦੇ ਹਨ। (ਕੋਈ ਸਿੰਘ ਮਲੇਸ਼ੀਆ ਕਹਿ ਦਿੰਦਾ ਤੇ ਕੋਈ ਕੁਝ ਹੋਰ) ਸਿਲਮਿਲਾ ਦੀਪ ਜਾਂ ਪਹਾੜੀਆਂ ਦਾ ਜਿਕਰ ਹੈ। ਰਾਖਸ਼ਾਂ ਦਾ ਜਿਕਰ ਹੈ। ਫਿਰ ਸਭ ਤੋਂ ਵੱਡੀ ਗੱਲ ਸਾਖੀ ਵਿੱਚ ਗੁਰੂ ਸਾਹਿਬ ਦੇ ਮੂੰਹੋ ਰਾਜੇ ਸੁਧ੍ਰ ਸੈਨ ਦਾ ਪੱਖ ਲੈਂਦੇ ਦੱਸਿਆ ਗਿਆ। ਸੁਧ੍ਰ ਸੈਨ ਚਿਟਾਂਗਾਗ ਦਾ ਰਾਜਾ ਹੈ। ਉਸ ਦਾ ਰਾਜ ਰਖਾਈਨ ਦੇਸ ਤੱਕ ਹੈ।

ਮਿਨ ਰਜ਼ਾ 'ਮਰਾਕ ਓ' ਦਾ:-

https://en.wikipedia.org/wiki/Min_Raza_of_Mrauk-U

1539 ਈ. ਵਿੱਚ ਹੀ ਮਰਾਕ-ਯੂ ਦਾ ਰਾਜ ਉਲਟਾ ਚਿਟਾਗਾਂਗ ਤੇ ਹੋ ਗਇਆ ਸੀ। ਅੱਜ ਕਲ੍ਹ ਜੋ ਬਰਮਾ ਦੇ ਰੋਹਿੰਗਿਆਂ ਲੋਕਾਂ ਦਾ ਮਸਲਾ ਉਠਿਆ ਹੋਇਆ ਹੈ ਇਹ ਉਹੋ ਪੁਰਾਣੇ ਰਾਖਸ਼ ਲੋਕ ਹੀ ਹਨ। ਜੋ ਬਾਦ ਵਿੱਚ ਸਾਰੇ ਮੁਸਲਮਾਨ ਬਣ ਗਏ ਸਨ। ਇਨਾਂ ਵਿੱਚ ਕੁਝ ਗਿਣਤੀ ਹਿੰਦੂਆਂ ਦੀ ਵੀ ਹੈ। ਰਾਖਸ਼ ਦਾ ਮਤਲਬ ਉਹ ਲੋਕ ਜੋ ਇਨਸਾਨ ਨੂੰ ਵੀ ਖਾ ਜਾਂਦੇ ਸਨ।

ਕਿਉਕਿ ਮਾਘ ਦੇਸ ਉਦੋਂ ਬੰਗਾਲ ਦਾ ਹੀ ਹਿੱਸਾ ਸਨ। ਇਸ ਕਰਕੇ ਗੁਰੂ ਸਾਹਿਬ ਦਾ 'ਮਰਾਕ ਉ' ਜਾਣਾ ਤਾਂ ਬਣਦਾ ਹੀ ਸੀ। ਜਦੋਂ ਗੁਰੂ ਸਾਹਿਬ ਇਸ ਇਲਾਕੇ ਵਿੱਚ ਆਏ ਓਦੋਂ ਇਸ ਇਲਾਕੇ ਵਿੱਚ ਕੋਈ 17-18 ਅਧੀਨ (ਬਾਜ਼ਗੁਜਾਰ) ਛੋਟੇ ਛੋਟੇ ਰਾਜੇ ਸਨ। ਜਨਮ ਸਾਖੀ ਵਿੱਚ ਓਨਾਂ ਦੇ ਨਾਂ ਜੋ ਦਿੱਤੇ ਹਨ ਉਹ ਦਰੁਸਤ ਤਾਂ ਨਹੀ ਹਨ ਪਰ ਇੱਕ ਵੱਡਮੁੱਲਾ ਇਤਹਾਸਿਕ ਇਸ਼ਾਰਾ ਜ਼ਰੂਰ ਹੈ। ਕਿਉਕਿ ਗੁਰੂ ਸਾਹਿਬ ਦੀ ਆਮਦ ਮੌਕੇ ਇਥੇ ਵੀ ਕੋਈ ਬਹੁਤਾ ਮਹੱਤਵਪੂਰਨ ਰਾਜਾ ਨਹੀ ਸੀ। ਰਾਜ ਚਿਟਾਗਾਂਗ ਦੇ ਬਾਦਸ਼ਾਹ ਹੁਸੈਨ ਸ਼ਾਹ ਦਾ ਹੀ ਚਲਦਾ ਸੀ। ਮਰਾਕ ਉ ਵਿੱਚ ਉਸ ਵੇਲੇ ਹਕੂਮਤ ਰਾਜਾ 'ਮਿਨ ਰਜ਼ਾ' ਉਰਫ ਇਲੀਆਸ ਸ਼ਾਹ (1480-1514 ਈ) ਦੀ ਸੀ। ਇਹ ਉਹ ਰਾਜਾ ਹੈ ਜੋ ਹਮੇਸ਼ਾਂ ਸ਼ਿਕਾਰ ਖੇਡਣ ਵਿੱਚ ਹੀ ਰੁੱਝਾ ਰਹਿੰਦਾ ਸੀ। ਵਕਤ ਪਾ ਕੇ ਇਨੂੰ ਇਹਦੇ ਖ਼ੁੱਦ ਦੇ ਪੁੱਤਰ ਗਜ਼ਪਤੀ ਨੇ ਹੀ ਮਾਰ ਦਿੱਤਾ ਸੀ।

ਜਨਮ ਸਾਖੀ 'ਚ ਲਿਖਿਆ ਹੈ ਕਿ ਗੁਰੂ ਸਾਹਿਬ ਚਿਟਾਗਾਂਗ ਤੋਂ ਸਮੁੰਦਰ ਰਸਤੇ ਚਲ ਕੇ ਫਿਰ ਧਰਤੀ ਤੇ ਪਹੁੰਚ ਗਏ ਤੇ ਇੱਕ ਸ਼ਹਿਰ ਮਰਾਕ ਉ (ਸਾਖੀ 'ਚ ਨਾਂ ਬ੍ਰਹਮਪੁਰ ਦਿੱਤਾ ਹੈ। ਕੁਦਰਤੀ ਹੈ ਕਿ ਬਰਮਾ ਨਾਂ ਤੋ) ਦੇ ਬਾਹਰ ਹੀ ਜਾ ਡੇਰਾ ਕੀਤਾ। ਮਰਦਾਨਾ ਕਾਹਲਾ ਪਿਆ ਕਿ ਸਾਹਿਬ ਮੈਨੂੰ ਸ਼ਹਿਰ ਵੇਖ ਆਉਣ ਦਿਓ। ਕੁਝ ਖਾ ਪੀ ਆਵਾਂ। ਗੁਰੂ ਸਾਹਿਬ ਨੇ ਉਨੂੰ ਕਿਹਾ ਕਿ ਕੁਝ ਚਿਰ ਹੋਰ ਹੌਸਲਾ ਰੱਖ, ਫਿਰ ਚਲਾ ਜਾਵੀ।

ਸਬੱਬੀਂ ਕੁਝ ਚਿਰ ਬਾਦ ਮੁਲਕ ਦਾ ਰਾਜਾ 'ਮਿਨ ਰਜ਼ਾ' (ਜਨਮ ਸਾਖੀ 'ਚ ਨਾਂ ਮਧੁਰ ਬੈਨ ਦਿੱਤਾ ਹੈ) ਸ਼ਿਕਾਰ ਖੇਡਦਾ ਖੇਡਦਾ ਓਧਰ ਆ ਨਿਕਲਿਆ ਜਿੱਥੇ ਗੁਰੂ ਸਾਹਿਬ ਹੁਰੀ ਬਿਰਾਜੇ ਹੋਏ ਸਨ। ਮਰਦਾਨੇ ਨੇ ਰਾਜੇ ਨੂੰ ਦੱਸਿਆ ਕਿ ਅਸੀ ਪੰਜਾਬ ਦੇਸ ਤੋਂ ਆਏ ਹਾਂ। ਫਿਰ ਰਾਜੇ ਨੇ ਪੁੱਛਿਆ ਕਿ ਤੁਸੀ ਬਿਸੀਅਰ ਦੇਸ ਥਾਂਣੀ ਲੰਘੇ ਜੇ? ਮਰਦਾਨੇ ਨੇ ਬੜੇ ਫਖਰ ਨਾਲ ਕਿਹਾ ਕਿ ਬਿਸੀਅਰ ਦੇਸ ਦੇ ਰਾਜੇ ਸ਼ਾਹੁ ਹੁਸੈਨ ਨੂੰ ਗੁਰੂ ਸਾਹਿਬ ਨੇ ਹੀ ਦੂਰ ਦੇਸਾਂ ਤੱਕ ਹਕੂਮਤ ਤੇ ਬਾਦਸ਼ਾਹੀ ਦਾ ਵਰ ਦਿੱਤਾ ਹੈ। ਇੱਕ ਦੂਸਰੇ ਦੀ ਵਾਕਫੀਅਤ ਤੋਂ ਬਾਦ ਰਾਜੇ ਨੂੰ ਗੁਰੂ ਸਾਹਿਬ ਬਾਰੇ ਪਤਾ ਲੱਗਾ ਕਿ ਦੌਲਤ ਖਾਂ ਲੋਧੀ ਦੇ ਕਿਸੇ ਵੇਲੇ ਕਾਰਦਾਰ ਰਹੇ ਨੇ ਤੇ ਚਿਟਾਗਾਂਗ ਦਾ ਰਾਜਾ ਇਨਾਂ ਦਾ ਮਿਤ੍ਰ ਹੈ ਤਾਂ ਗੁਰੂ ਸਾਹਿਬ ਨੂੰ ਆਪਣੇ ਮਹੱਲਾਂ ਵਿੱਚ ਲੈ ਜਾਣ ਦੀ ਜ਼ਿੱਦ ਕੀਤੀ। ਕਿਹਾ ਕਿ ਇਲਾਕਾ ਅਣਜਾਣ ਇਨਸਾਨਾਂ ਲਈ ਠੀਕ ਨਹੀ। ਕਈ ਖਤਰੇ ਗਿਣ ਗਿਣ ਕੇ ਦੱਸੇ। ਤਾਂ ਗੁਰੂ ਸਾਹਿਬ ਨਿਰੰਕਾਰ ਦੀ ਯਾਦ ਵਿੱਚ ਇਹ ਸ਼ਬਦ ਬੋਲਿਆ:-




ਮਾਰੂ ਮਹਲਾ ੧ ॥ ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥ ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥ ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥ ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥ ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥ ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥ ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ ਵਿੱਚੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥ ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥ ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥ ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥ ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ ॥ ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥ ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥੫॥ ਭੂਖ ਪਿਆਸੋ ਜੇ ਭਵੈ ਕਿਆ ਤਿਸੁ ਮਾਗਉ ਦੇਇ ॥ ਬੀਜਉ ਸੂਝੈ ਕੋ ਨਹੀ ਮਨਿ ਤਨਿ ਪੂਰਨੁ ਦੇਇ ॥ ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥੬॥ ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥ ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥ ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥ ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥ ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥੮॥੩॥

ਰਾਜਾ ਗੁਰੂ ਸਾਹਿਬ ਤੋਂ ਗਿਆਨ ਹਾਸਲ ਕਰ ਚਰਨਾਂ ਤੇ ਢਹਿ ਪਿਆ। ਆਖਿਰ ਗੁਰੂ ਸਾਹਿਬ ਨੂੰ ਮਹਿਲੀ ਲੈ ਹੀ ਗਿਆ। ਕਿਹਾ ਜਾਂਦਾ ਹੈ ਕਿ ਸਾਹਿਬ ਇਥੇ ਮਹੀਨਾ ਭਰ ਠਹਿਰੇ ਤੇ ਲੋਕਾਂ ਨੂੰ ਕੁਬੁੱਧ ਕਰਨੋਂ ਹਟਾ ਕੇ ਨਿਰੰਕਾਰ ਦੇ ਨਾਮ ਨਾਲ ਜੋੜਿਆ। ਇਨਸਾਨ ਤੇ ਜ਼ੁਲਮ ਕਰਨ ਤੇ ਕਰਮ ਕਾਂਡਾ ਤੋਂ ਵਰਜਿਆ।

----◆-----

## ਜਦੋਂ ਸੁਨਿਹਰੀ ਮਹੱਲ ਵੇਖ ਕੇ ਮਰਦਾਨੇ ਦੀਆਂ ਅੱਖਾਂ ਚੁੰਧਿਆ ਗਈਆਂ ◉

ਆਵਾ ਦਾ ਰਾਜਾ ਸਵਰਨ ਮਹਿਲ ਨਰਪਤੀ ਤੇ ਧਰਮਾ ਸਿੰਘਾ ਨੂੰ ਉਪਦੇਸ਼

ਆਗੇ ਹੋਰ ਉਦਾਸੀ ਸਾਖੀ ਚਲੀ।(ਧਰਮ ਸਿੰਘ ਤੇ ਕਵਲ ਨੈਨ ਨਾਲ) ਬਾਲਾ ਪੰਨਾ-192

ਰਾਖਸ ਦੇਸ ਦੀ ਰਾਜਧਾਨੀ ਮਰਾਕ ਊ ਤੋਂ 700 ਕਿਲੋਮੀਟਰ ਦਾ ਸਫਰ ਸਮੁੰਦਰੀ ਜਹਾਜ ਜਾਂ ਬੇੜੀ ਰਾਂਹੀ ਚਲਕੇ ਗੁਰੂ ਸਾਹਿਬ ਤੇ ਮਰਦਾਨਾ ਪਹਿਲਾਂ ਇਰਾਵਡੀ ਨਦੀ ਦੇ ਮੁਹਾਨੇ ਤੇ ਪਹੁੰਚੇ ਤੇ ਉਥੋਂ ਬੇੜੀ ਰਾਂਹੀ ਹੀ ਉਤਾਂਹ ਪਹਾੜ ਪਾਸੇ ਨੂੰ ਕੋਈ 900 ਕਿਲੋਮੀਟਰ ਦਾ ਸਫਰ ਕਈ ਦਿਨ ਤੇ ਕਈ ਰਾਤਾਂ ਕਟ ਕੇ ਪੂਰਾ ਕੀਤਾ। ਅੰਤ ਨੂੰ ਮਲਾਹਾਂ ਨੇ ਬਾਬੇ ਨੂੰ ਆਵਾ ਸ਼ਹਿਰ ਦੇ ਕੰਢੇ ਲਿਆ ਲਾਹਿਆ ਜਿੰਨੂ ਇਨਵਾ ਵੀ ਕਹਿੰਦੇ ਹਨ। ਜੋ ਅੱਜ ਦੇ ਮਾਂਡਲਾ ਸ਼ਹਿਰ ਦੇ ਨੇੜੇ ਪੈਦਾ ਹੈ। ਜਿੱਥੇ ਇਰਾਵਡੀ ਨਦੀ ਵਿੱਚ ਮਾਈਟੰਗ ਨਦੀ ਮਿਲਦੀ ਹੈ।

ਮਹੀਨਿਆਂ ਬੱਧਾ ਸਫਰ ਕਰ ਕਰ ਕੇ ਅੰਤ ਨੂੰ ਮਰਦਾਨਾ ਕਾਹਲਾ ਪੈ ਗਿਆ, "ਬਾਬਾ ਕਿਹੜੇ ਫਾਹ 'ਚ ਪਾਇਆ ਈ? ਕਿੰਨੇ ਦਿਨ ਹੋ ਗਏ ਨੇ ਨਾਂ ਕੋਈ ਬੰਦਾ ਨਾਂ ਬੰਦੇ ਦੀ ਜਾਤ।" ਗੁਰੂ ਸਾਹਿਬ ਨੇ ਕਿਹਾ "ਮਰਦਾਨਿਆ ਹੌਸਲਾ ਰੱਖ ਹੁਣ ਤਾਂ ਆਪਾਂ ਪਹੁੰਚ ਗਏ ਹਾਂ। ਬਾਕੀ ਜਿਸ ਜਿਸ ਕਾਰ ਵਿੱਚ ਨਿਰੰਕਾਰ ਨੇ ਸਾਨੂੰ ਲਾਇਆ ਹੈ ਉਸ ਵਿੱਚ ਲੱਗੇ ਹਾਂ। ਓਹਦੇ ਭਾਣੇ ਵਿੱਚ ਖੁਸ਼ ਰਹੋ। ਨਿਰੰਕਾਰ ਦਾ ਸ਼ੁਕਰਾਨਾ ਅਦਾ ਕਰੀਦਾ। ਓਹ ਵੇਖ ਸਾਹਮਣੇ ਸ਼ਹਿਰ ਨਜਰ ਪਿਆ ਆਂਵਦਾ ਈ।" ਏਸੇ ਤਰਾਂ ਮਰਦਾਨੇ ਨੂੰ ਸਮਝਾਉਦੇ ਬੁਝਾਉਦੇ 4 ਕੋਹ (6-7 ਕਿਲੋਮੀਟਰ) ਪੈਂਡਾ ਕੀਤਾ। ਮਰਦਾਨੇ ਨੂੰ ਵੀ ਸੁਨਿਹਰੀ ਰਾਜਧਾਨੀ ਦੂਰੋ ਹੀ ਦਿਸ ਪਈ ਤੇ ਉਨੂੰ ਚਾਅ ਚੜ੍ਹ ਗਿਆ। ਸ਼ਹਿਰ ਦੀ ਇੱਕ ਨੁੱਕਰ ਤੇ ਜਾਂ ਉਨਾਂ ਨੇ ਬਾਹਰ ਹੀ ਕਿਸੇ ਰੁੱਖ ਥੱਲੇ ਡੇਰਾ ਲਾ ਲਿਆ। ਮਰਦਾਨੇ ਨੇ ਅਰਾਮ ਕਰਨਾਂ ਵੀ ਜਰੂਰੀ ਨਹੀ ਸਮਝਿਆ ਤੇ ਗੁਰੂ ਸਾਹਿਬ ਕੋਲੋ ਸ਼ਹਿਰ ਜਾਣ ਦੀ ਆਗਿਆ ਮੰਗੀ। ਗੁਰੂ ਸਾਹਿਬ ਨੇ ਕਿਹਾ ਜਾਓ, ਖਾਓ, ਪੀਓ। ਮਰਦਾਨਾ ਕਹਿਣ ਲੱਗਾ ਕਿ ਬਾਬਾ ਉਥੇ ਕਿਹੜੀ ਮੇਰੀ ਮਾਸੀ ਬੈਠੀ ਹੈ ਜੋ ਖਵਾਏ ਪਿਆਏਗੀ। ਮੇਰੇ ਤਾਂ ਪੱਲੇ ਦਮੜੀ ਵੀ ਨਹੀ। ਗੁਰੂ ਸਾਹਿਬ ਨੇ ਕਿਹਾ ਜਾ ਮਰਦਾਨਿਆ ਤੈਨੂੰ ਪੂਰਾ ਸ਼ਹਿਰ ਸੌਂਪਿਆ। ਮਰਦਾਨਾ ਝੱਟ ਸ਼ਹਿਰ ਜਾ ਵੜਿਆ।

ਪੈੜ ਸਚ

### ਕੀ ਸਬੂਤ ਕਿ ਇਹ ਸਾਖੀ ਆਵਾ ਅਰਥਾਤ ਅੰਗਵਾ (ਮਾਂਡਲਾ, ਬਰਮਾ) ਵਿਖੇ ਵਾਪਰੀ?

**ਸਰੋਤ -ਬਾਲੇ ਵਾਲੀ ਸਾਖੀ ਪੰਨਾ-192**

ੳ. ਕੁਝ ਲੋਕਾਂ ਨੇ ਕਿਹਾ ਹੈ ਕਿ ਇਹ ਘਟਨਾ ਸੋਨਾਰਗਾਓ ਦੀ ਹੈ ਕਿਉਕਿ ਸ਼ਹਿਰ ਦਾ ਨਾਂ ਸਵੱਰਨ ਪੁਰ ਜੁ ਲਿਖਿਆ ਹੈ।

ਅ. ਕੁਝ ਦਾ ਕਹਿਣਾ ਹੈ ਕਿ ਇਹ ਘਟਨਾਂ ਚਿੱਟਾਗਾਂਗ ਵਿਖੇ ਵਾਪਰੀ ਕਿਉਕਿ ਦੱਸਿਆ ਹੈ ਕਿ ਸ਼ਹਿਰ ਸਮੁੰਦਰ ਤੋਂ 4 ਕੋਹ ਤੇ ਹੈ।

ੲ. ਇੱਕ ਲਿਖਾਰੀ ਨੇ ਇਸ ਨੂੰ ਮਿਆਂਮਾਰ ਦੇ ਟਾਪੂ (ਦੀਪ) ਤਿਨਾਸਰਮ ਵਿਖੇ ਹੋਈ ਦੱਸਿਆ ਹੈ ਤੇ ਕੋਈ ਇਹਨੂੰ ਮਲੇਸ਼ੀਆ ਵਿੱਚ ਹੋਣੀ ਲਿਖ ਰਿਹਾ ਹੈ।

**ਆਵਾ ਵਿਖੇ ਵਾਪਰਨ ਦਾ ਸਬੂਤ-**

1.ਸਾਖੀ ਵਿੱਚ ਸਾਫ ਲਿਖਿਆ ਹੈ ਕਿ ਇਹ ਉਹ ਜਗਾ ਹੈ ਜਿੱਥੇ "ਅਜੇ ਮੁਸਲਮਾਨ ਨਹੀ ਆਏ।" ਜਿਸ ਦਾ ਮਤਲਬ ਇਹ ਨਾਂ ਤਾਂ ਸੋਨਾਰਗਾਓ ਹੈ ਨਾਂ ਹੀ ਚਿੱਟਾਗਾਂਗ ਤੇ ਨਾਂ ਹੀ ਮਲੇਸ਼ੀਆ।

2. ਇਲਾਕੇ ਦੀ ਵਾਕਫੀਅਤ ਦਿੰਦੇ ਹੋਏ ਧਰਮਾ ਸਿੰਗਾ ਕਹਿੰਦਾ ਹੈ ਕਿ ਇਥੇ ਅੰਨ ਕੁਦਰਤੀ ਤੌਰ ਤੇ ਉਪਜਦਾ ਹੈ। ਮਤਲਬ ਝੋਨਾ, ਕਣਕ, ਜਵਾਰ ਆਦਿ ਜੋ ਆਪਣੇ ਆਪ ਉਗਦੇ ਹਨ। ਵਾਹੀ ਨਹੀ ਕਰਨੀ ਪੈਂਦੀ। ਇਹ ਗੱਲ ਅੱਜ ਦੇ ਜਮਾਨੇ ਵਿੱਚ ਵੀ ਸੱਚ ਹੈ ਕਿ ਮਾਂਡਲਾ ਦੇ ਇਲਾਕੇ ਵਿੱਚ 'ਸ਼ਿਫਟਿੰਗ ਕਲਟੀਵੇਸ਼ਨ' ਦਾ ਰਿਵਾਜ ਅੱਜ ਦਿਨ ਤੱਕ ਹੈ। ਲੋਕ ਕੁਝ ਸਮਾਂ ਜਮੀਨ ਵਾਹੁੰਦੇ ਹਨ ਫਿਰ ਛੱਡ ਦਿੰਦੇ ਹਨ। ਜਦੋਂ ਜਮੀਨ ਵਿਹਲੀ ਰਹਿੰਦੀ ਹੈ ਤਾਂ ਕੁਦਰਤੀ ਤੌਰ ਤੇ ਜੋ ਅਨਾਜ ਉਪਜਦਾ ਹੈ ਉਹ ਵੀ ਵੱਢਿਆ ਜਾਂਦਾ ਹੈ।

3. ਗੁਰੂ ਸਾਹਿਬ ਇਲਾਕੇ ਦੀ ਵਾਕਫੀਅਤ ਦਿੰਦੇ ਕਹਿੰਦੇ ਹਨ ਕਿ "ਇਥੇ ਮੈਥੁਨ ਨਹੀ ਹੁੰਦਾ ਭਾਵ ਇਹ ਵਾਮ ਮਾਰਗੀਆਂ ਦਾ ਇਲਾਕਾ ਨਹੀ ਹੈ।" ਅਸਾਮ ਜਾਂ ਉਤਰ-ਪੂਰਬ ਭਾਰਤ ਨਹੀ ਹੈ।

4. "ਲੰਮਾ ਸਮਾਂ ਸਮੁੰਦਰ (ਪਾਣੀ) ਵਿੱਚ ਚਲਣਾ।" ਚਿਟਾਗਾਂਗ ਤੋਂ ਮਰਾਕ ਊ ਤੇ ਮਰਾਕ ਊ ਤੋਂ ਦਰਿਆਂ ਇਰਾਵਡੀ ਦੇ ਮੁਹਾਨੇ ਤੋਂ ਦਰਿਆ ਰਾਂਹੀ ਆਵਾ ਪਹੁੰਚਣਾ। 1600 ਕਿਲੋਮੀਟਰ ਲੰਮਾ ਸਫਰ ਪਾਣੀ ਵਿੱਚ।

5. "ਪਾਣੀ ਮੀਹਾਂ ਦਾ ਘਰਾਂ ਤੇ ਟੋਭਿਆਂ ਵਿੱਚ ਬਹੁਤ ਹੈ" ਥਾਂ ਥਾਂ ਪਾਣੀ ਦੀ ਬਹੁਲਤਾ ਸਾਫ ਮਤਲਬ ਮਿਆਮਾਰ ਜਾਂ ਉਪਰੀ ਅਸਮ ਦਾ ਇਲਾਕਾ।

6. "ਸਵੱਰਨਪੁਰ" - ਸ਼ਹਿਰ ਦਾ ਪੁਰਾਤਨ ਨਾਂ ਰਤਨਪੁਰ ਸੀ ਭਾਵ ਰਤਨਾ ਦੀ ਨਗਰੀ। ਜਦੋ ਗੁਰੂ ਸਾਹਿਬ ਪਧਾਰੇ ਦੇਸਾਂ ਵਿੱਚ ਚਰਚਾ ਸੀ ਕਿ ਰਾਜਾ ਸੋਨ ਮਹਿਲ ਬਣਾ ਰਿਹਾ ਹੈ। ਰਾਜਾ ਮਿਨ ਸਵੇ ਨੇ ਨਿਰਾ ਮਹਿਲ ਸੋਨੇ ਦਾ ਹੀ ਨਹੀ ਬਣਵਾਇਆ, ਪਗੋਡਾ ਜਾਂ ਸਤੂਪ ਵੀ ਸੋਨੇ ਦਾ। ਇਤਹਾਸ ਵਿੱਚ ਦਰਜ ਹੈ ਕਿ ਉਸ ਨੇ ਵੱਡੀ ਕੋਸ਼ਿਸ਼ ਕਰਕੇ ਹਰ ਚੀਜ਼ ਸੁਨਿਹਰੀ ਬਣਵਾਈ। ਸੋ ਰਾਜੇ ਸਵੱਰਨ ਨਰਾਇਣ ਨਰਪਤੀ ਨੇ ਆਵਾ ਨੂੰ ਸਵਰਨ ਨਗਰੀ ਬਣਾ ਦਿੱਤਾ। (ਇਹ ਵੀ ਵੱਡਾ ਸਬੂਤ ਹੈ।)

ਸਵਰਨ ਮਹਿਲ ਦਾ ਉਦਘਾਟਨ ਫਰਵਰੀ 1511 ਈ. ਨੂੰ ਕੀਤਾ। ਇਸ ਦਾ ਮਤਲਬ ਗੁਰੂ ਸਾਹਿਬ ਉਦਘਾਟਨ ਤੋਂ ਥੋੜਾ ਹੀ ਪਿੱਛੇ ਜਾਂ ਐਨ ਉਦਘਾਟਨ ਮੌਕੇ ਪਹੁੰਚੇ ਹੋਣ। ਆਪਾਂ ਇਹੋ ਮੰਨ ਕੇ ਚਲਾਂਗੇ ਕਿ ਗੁਰੂ ਸਾਹਿਬ ਉਦਘਾਟਨ ਮੌਕੇ ਇਥੇ ਸਨ।

ਰਾਜੇ ਨੇ ਬਾਦ ਵਿੱਚ ਜੋ ਆਪਣਾ ਨਾਂ ਰੱਖਿਆ ਉਸ ਵਿੱਚ ਵੀ ਨਾਨਕ ਲਫਜ ਆਉਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਹ ਮਹਿਜ ਇਤਫਾਕ ਸੀ ਕਿ ਬਰਮੀ ਭਾਸ਼ਾ ਦੇ ਲਫਜ ਸ਼ਵੇਨਾਨਕਿਆਸ਼ਿਨ ਜਿਸ ਦਾ ਮਤਲਬ ਹੈ ਸੋਨਮਹਿਲ ਦਾ ਮਾਲਕ ਵਿੱਚ ਦੋ ਨੰਨੇ ਤੇ ਕੱਕਾ ਆਉਦਾ ਹੋਵੇ।

7. ਸਾਫ ਜ਼ਾਹਿਰ ਹੈ ਕਿ ਗੁਰੂ ਸਾਹਿਬ ਚਿਟਾਗਾਂਗ ਤੋਂ ਬਾਦ ਇਧਰ ਬਰਮਾ ਆਏ ਹਨ। ਫਿਰ ਰਾਜਾ ਨੂੰ ਕਹਿ ਰਹੇ ਹਨ ਕਿ ਉਹ ਵੀ ਅਲਾਉਦੀਨ ਹੁਸੈਨ ਸ਼ਾਹ (ਸੁਧ੍ਰ ਸੈਨ) ਨਾਲ ਸੰਧੀ ਕਰ ਲਵੇ। ਮਤਲਬ ਚੀਨ ਜਾਂ ਮਲੇਸ਼ੀਆ ਜਾਂ ਥਾਈਲੈਂਡ ਦਾ ਇਲਾਕਾ ਨਹੀ ਹੋ ਸਕਦਾ। ਇਹ ਤਾਂ ਚਿਟਾਗਾਂਗ ਰਿਆਸਤ ਦੇ ਨਾਲ ਲੱਗਦਾ ਹੀ ਕੋਈ ਇਲਾਕਾ ਹੋ ਸਕਦਾ ਹੈ। ਜਿਹੜੇ ਲੋਕ ਇਸ ਨੂੰ ਮਲੇਸ਼ੀਆ ਜਾਂ ਥਾਈਲੈਂਡ ਨਾਲ ਜੋੜਨ ਉਹ ਉਹਨਾਂ ਦੀ ਕਪੋਲ ਕਲਪਨਾ ਤੋਂ ਸਿਵਾ ਕੁਝ ਹੋਰ ਨਹੀ ਹੋ ਸਕਦਾ।

ਜਨਮ ਸਾਖੀ 'ਚ ਸਾਫ ਦਰਜ ਹੈ ਕਿ ਗੁਰੂ ਸਾਹਿਬ ਰਾਜੇ ਨੂੰ ਸੁਚੇਤ ਕਰ ਰਹੇ ਹਨ ਕਿ ਜੇ ਬਚਣਾ ਤਾਂ ਚਿਟਾਗਾਂਗ ਦੇ ਰਾਜੇ ਨਾਲ ਸੰਧੀ ਕਰ ਲੈ। ਨਹੀ ਤਾਂ ਭਾਈ ਤੇਰੀ ਮਰਜੀ। ਸਾਫ ਜ਼ਾਹਿਰ ਹੈ ਕਿ ਰਾਜੇ ਨੇ ਹੁਸੈਨ ਸ਼ਾਹ ਦੀ ਈਨ ਨਾਂ ਮੰਨੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ 25 ਮਾਰਚ 1527 ਨੂੰ ਆਵਾ ਤੇ ਸ਼ਾਨ ਰਿਆਸਤਾਂ ਨੇ ਫਤਹਿ ਪਾ ਲਈ ਤੇ 150 ਸਾਲ ਪੁਰਾਣੀ ਆਵਾ ਰਿਆਸਤ ਤਹਿਸ ਨਹਿਸ ਕਰ ਦਿੱਤੀ ਗਈ।(ਗੁਰੂ ਸਾਹਿਬ ਆਉਣ ਵਾਲੇ ਵੇਲੇ ਨੂੰ ਵੇਖ ਰਹੇ ਸਨ।)

8. "ਇਥੋਂ ਦੇ ਲੋਕ ਜਾਤ ਵਰਨ ਵੀ ਨਹੀ ਮੰਨਦੇ।" ਭਾਵ ਭਾਰਤ ਤੋਂ ਕੋਈ ਬਾਹਰ ਦਾ ਇਲਾਕਾ। ਅਸਮ ਬੰਗਾਲ ਤੱਕ ਜਾਤ ਪਾਤ ਦੀ ਮਾਨਤਾ ਹੈ। ਪਰ ਬਰਮਾ ਵਿੱਚ ਨਹੀ ਹੈ।

9. ਅਲਾਉਦੀਨ ਹੁਸੈਨ ਸ਼ਾਹ (ਰਾਜਾ ਸੁਧਰ ਸੈਨ) ਤੇ ਮਿਨ ਸਵੇ (ਕਵਲ ਨੈਨ)- ਜਨਮ ਸਾਖੀ ਦੇ ਲਿਖਾਰੀ ਨੂੰ ਰਾਜਿਆਂ ਦੇ ਨਾਮ ਘੱਟ ਹੀ ਯਾਦ ਰਹੇ ਸਨ। ਇਥੋ ਤੱਕ ਕਿ ਉਹ ਦਿੱਲੀ ਸੁਲਤਾਨ ਦਾ ਨਾਂ ਵੀ ਗਲਤ ਦਸਦਾ ਹੈ। ਉਸ ਨੇ ਸੁਣੀਆਂ ਸੁਣਾਈਆਂ ਗੱਲਾਂ ਲਿਖੀਆਂ ਹਨ। ਅੰਦਾਜ਼ੇ ਜਾਂ ਇਸ਼ਾਰਿਆਂ ਤੋਂ ਸਾਨੂੰ ਇਤਹਾਸ ਲਭਣਾ ਪਊ। ਵੇਖੋ ਬਾਲੇ ਵਾਲੀ ਸਾਖੀ ਵਿੱਚ ਕਿਤੇ ਰਾਜਿਆਂ ਦੇ ਨਾਂ ਤੁੜ ਤਰੰਗ ਆਉਦਾ ਹੈ ਕਿਤੇ ਅਟਕਾ ਘਟਕਾ। ਕਹਿਣ ਤੋਂ ਮਤਲਬ ਲਿਖਾਰੀ ਰਾਜੇ ਮਿਨ ਸਵੇ ਦਾ ਨਾਂ ਯਾਦ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਾਨੂੰ ਜਨਮਸਾਖੀਆਂ ਦੇ ਅਧੂਰੇ ਪਣ ਤੋਂ ਜਰਾ ਵੀ ਸ਼ਿਕਵਾ ਸ਼ਕਾਇਤ ਨਹੀ ਹੈ ਜਿੰਨਾਂ ਨੇ ਕਹੀਆਂ ਕਹਾਈਆਂ ਗੱਲਾਂ ਨੂੰ ਇਤਹਾਸ ਬਣਾ ਦਿੱਤਾ। ਕਿਉਕਿ ਇਹ ਸਾਖੀਆਂ ਭਾਈ ਮਰਦਾਨੇ ਜਾਂ ਗੁਰੂ ਸਾਹਿਬ ਨੇ ਨਹੀ ਲਿਖਾਈਆਂ।

ਪੈੜ ਅਗਲੇ ਸਫੇ ਤੇ **ਚਲਦਾ** ➡

ਮਰਦਾਨੇ ਨੇ ਜਿਵੇਂ ਸ਼ਹਿਰ ਵਿੱਚ ਪੈਰ ਪਾਇਆ ਉਹਦੀਆਂ ਤਾਂ ਅੱਖਾਂ ਖੁੱਲੀਆਂ ਦੀਆਂ ਖੁੱਲੀਆਂ ਹੀ ਰਹਿ ਗਈਆਂ। ਚਾਰ ਚੁਫੇਰਿਓ ਜਗਮਗਾਉਦਾ ਚੀਨੀ ਬਜਾਰ। ਹਰ ਪਾਸੇ ਚਮਕ ਹੀ ਚਮਕ। ਕਈ ਦੁਕਾਨਾਂ ਸੁੰਞੀਆਂ ਹੀ ਪਈਆਂ ਸਨ। ਮਾਲਕ ਜਾਂ ਦੁਕਾਨਦਾਰ ਕਿਤੇ ਨਜ਼ਰ ਹੀ ਨਾਂ ਆਵੇ। ਮਰਦਾਨੇ ਨੇ ਹੁਣ ਤੱਕ ਹਜ਼ਾਰਾਂ ਸ਼ਹਿਰ ਵੇਖ ਲਏ ਸਨ ਪਰ ਇਹ ਤਾਂ ਵੱਖਰਾ ਹੀ ਸੀ। ਇਥੋਂ ਦਾ ਸਭਿਆਚਾਰ ਵੀ ਵਖਰਾ ਹੀ ਸੀ। ਹਰ ਪਾਸੇ ਨਵੀਆਂ ਨਕੋਰ ਸੁਨਿਹਰੀ ਇਮਾਰਤਾਂ।

ਜਿਵੇ ਮਰਦਾਨਾ ਡੌਰ ਭੌਰਾ ਹੋਈ ਬਜ਼ਾਰਾਂ ਨੂੰ ਵੇਖ ਰਿਹਾ ਸੀ ਤਾਂ ਹਿੰਦੁਸਤਾਨੀ ਸਮਝਣ ਵਾਲਾ ਇੱਕ ਸਖਸ਼ ਮਿਲ ਗਇਆ ਨਾਮ ਧਰਮਾ ਸਿੰਘਾ। ਧਰਮਾ ਸਿੰਘਾ ਮਰਦਾਨੇ ਨੂੰ ਪੁੱਛਣ ਲੱਗਾ, "ਲਗਦੈ ਪਰਦੇਸੀ ਹੋ?" ਮਰਦਾਨੇ ਨੇ ਕਿਹਾ "ਹਾਂ ਮੈਂ ਲਹੌਰ ਪੰਜਾਬ ਦੇਸ ਤੋਂ ਹਾਂ। ਦਿੱਲੀ ਤੋਂ ਵੀ ਪਰੇ। ਅਸੀ ਸਾਧੂ ਫਕੀਰ ਹਾਂ।" ਧਰਮਾ ਸਿੰਘ ਨੇ ਪਠਾਣਾਂ ਬਾਰੇ ਸੁਣਿਆ ਹੋਇਆ ਸੀ। ਸਿੰਘਾ ਨੇ ਕਿਹਾ ਕੋਈ ਮੇਰੇ ਲਾਇਕ ਖਿਦਮਤ ਹੋਵੇ ਤਾਂ ਦੱਸੋ। ਮਰਦਾਨੇ ਨੇ ਕਿਹਾ ਕਿ ਇਸ ਸ਼ਹਿਰ ਦਾ ਕੀ ਨਾਂ ਹੈ? ਧਰਮਾ ਸਿੰਘਾ ਨੇ ਕਿਹਾ ਇਹ ਆਵਾ ਰਾਜਧਾਨੀ ਸ਼ਹਿਰ ਹੈ ਇਨੂੰ ਅੰਗਵਾ ਵੀ ਕਿਹਾ ਜਾਂਦਾ ਹੈ। ਇਹਦਾ ਪੁਰਾਤਨ ਨਾਂ ਰਤਨਪੁਰਾ ਹੁੰਦਾ ਸੀ। ਸਾਡੇ ਮਹਾਰਾਜੇ ਨੇ ਇਨੂੰ ਸਵੱਰਨਪੁਰ ਬਣਾਉਣ ਦੀ ਠਾਨ ਲਈ ਹੈ। ਇਹ ਸੁਨਿਹਰੀ ਮਹਿਲ, ਸਭ ਸੁਨਿਹਰੀ ਦੁਕਾਨਾਂ, ਸਾਡਾ ਸਤੂਪ ਜਾਂ ਪਗੋਡਾ ਵੀ ਸੁਨਿਹਰੀ। ਮਰਦਾਨੇ ਨੇ ਸਿੰਘਾ ਨੂੰ ਕਿਹਾ ਅਸੀ ਭੋਜਨ ਕਰਨਾਂ ਚਾਹੁੰਦੇ ਹਾਂ।

ਸਿੰਘਾ ਮਰਦਾਨੇ ਨੂੰ ਰਾਜੇ ਦੇ ਲੰਗਰ ਵਿੱਚ ਲੈ ਗਿਆ। ਮਰਦਾਨੇ ਨੂੰ ਹੁਕਮ ਹੋਇਆ ਕਿ ਜਿੰਨੀ ਕੁ ਮਿਠਾਈ ਖਾ ਸਕਦੈ ਖਾ ਲੈ। ਓਥੋਂ ਕੁਝ ਮਿਠਾਈ ਤੇ ਲੀਚੀਆਂ ਮਰਦਾਨੇ ਦੀ ਝੋਲੀ ਵਿੱਚ ਪਾ ਦਿੱਤੀਆਂ ਕਿ ਜਾ ਆਪਣੇ ਮਹੰਤ ਤੇ ਦੂਸਰੇ ਬੰਦੇ ਵਾਸਤੇ ਲੈ ਜਾ। ਜਦੋਂ ਰਸਦ ਤੋਲੀ ਜਾ ਰਹੀ ਸੀ ਤਾਂ ਮਰਦਾਨੇ ਨੇ ਵੇਖਿਆ ਕਿ ਤਕੜੀ ਦੇ ਛਾਬੇ, ਡੰਡੀ ਤੇ ਵੱਟੇ ਵੀ ਸਭ ਸੋਨੇ ਦੇ ਹੀ ਸਨ। ਮਰਦਾਨੇ ਦੀ ਤਾਂ ਖੁਸ਼ੀ ਦਾ ਟਿਕਾਣਾ ਨਹੀ ਸੀ।

ਮਰਦਾਨਾ ਹੈਰਾਨ ਸੀ ਇਹ ਖੈਰਾਤ ਪਾ ਕੇ। ਧਰਮੇ ਨੇ ਮਰਦਾਨੇ ਨੂੰ ਕਿਹਾ ਕਿ ਭਾਈ ਇਥੇ ਅੰਨ ਕੁਦਰਤੀ ਤੌਰ ਤੇ ਆਪਣੇ ਆਪ ਬਹੁਤ ਪੈਦਾ ਹੁੰਦਾ ਹੈ। ਬੰਦੇ ਨੇ ਤਾਂ ਬਸ ਵੱਢ ਕੇ ਲਿਆਉਣਾ ਹੁੰਦਾ ਹੈ। ਬਸ ਪੀਹ ਪਕਾਉਣ ਦਾ ਹੀ ਕੰਮ ਹੈ ਇਥੇ। ਰਾਜੇ ਨੇ ਇਸ ਨੂੰ ਧਰਮ ਨਗਰੀ ਐਲਾਨ ਦਿੱਤਾ ਹੈ। ਇਥੇ ਕੋਈ ਭੁੱਖਾ ਨਹੀ ਸੌਂਦਾ।

ਵਾਹੋ ਦਾਹੀ ਆ ਕੇ ਗੁਰੂ ਸਾਹਿਬ ਨੂੰ ਰਿਪੋਰਟ ਦਿੱਤੀ ਕਿ ਬਾਬਾ ਇਥੋ ਦਾ ਸ਼ਹਿਰ ਤਾਂ ਬਹੁਤ ਅਮੀਰ ਹੈ। ਮਰਦਾਨਾ ਕਹਿਣ ਲੱਗਾ ਬਾਬਾ ਇਥੋਂ ਦਾ ਰਾਜਾ ਤਾਂ ਚਿਟਾਗਾਂਗ ਦੇ ਰਾਜੇ ਹੁਸੈਨ ਸ਼ਾਹ (ਸੁਧ੍ਰ ਸੈਨ) ਤੋਂ ਵੀ ਵੱਡਾ ਲੱਗਦਾ ਹੈ। ਬਾਬੇ ਨੇ ਕਿਹਾ ਹਾਂ ਮਰਦਾਨਿਆ ਕਿਸੇ ਵੇਲੇ ਹੁਸੈਨ ਸ਼ਾਹ ਇਸ ਦਾ ਸਲਾਮੀ ਸੀ। ਪਰ ਅੱਜ ਓਹ ਅਜਾਦ ਖੁਦਮੁਖਤਿਆਰ ਹੈ।

ਇਥੋਂ ਦੀ ਸਭਿਅਤਾ ਬਾਬਤ ਬਾਬੇ ਕੋਲੋ ਪੁੱਛਣ ਲੱਗ ਪਿਆ, "ਬਾਬਾ ਜੀ, ਕੀ ਇਥੋਂ ਦੇ ਲੋਕ ਵੀ ਗੁਹਾਟੀ ਵਰਗੇ ਬੇਸ਼ਰਮ ਹਨ ਭਾਵ ਮੈਥੁਨ ਆਮ ਕਰਦੇ ਹਨ?" ਗੁਰੂ ਸਾਹਿਬ ਨੇ ਮਰਦਾਨੇ ਨੂੰ ਦੱਸਿਆ ਕਿ ਨਹੀ ਇਹ ਵੱਖਰੀ ਸਭਿਅਤਾ ਹੈ ਇਹ ਵਾਮ ਮਾਰਗੀ ਨਹੀ। ਇਹ ਇੱਕ ਤਰਾਂ ਨਾਲ ਜੰਗਲੀ ਲੋਕ ਹਨ ਤੇ ਇਥੇ ਰਾਜ ਧਰਮ ਦਾ ਹੈ। ਬਹੁਤੇ ਗੋਬਿੰਦ (ਸਾਧੂ ਭਾਵ ਭਿਕਸ਼ੂ) ਲੋਕ ਹੀ ਹਨ। ਲੋਕਾਂ ਵਿੱਚ ਚਲਾਕੀਆਂ ਨਹੀ ਹਨ। ਇਥੇ ਅਜੇ ਤੱਕ ਮੁਸਲਮਾਨ ਹਮਲਾਵਰਾਂ ਦਾ ਪੈਰ ਨਹੀ ਪਿਆ। ਇਥੇ ਇੱਕ ਕਿਸਮ ਨਾਲ ਸਤਜੁਗ ਹੈ। ਇਸ ਰਾਜੇ ਦਾ ਰਾਜ ਬਹੁਤ ਵੱਡਾ ਹੈ ਜਿਥੋ ਆਪਾਂ ਸਮੁੰਦਰ ਤੋਂ ਆਏ ਓਥੋਂ ਲੈ ਕੇ ਅਜੇ ਓਪਰ ਚੀਨ ਦੇ ਪਹਾੜਾਂ ਤੱਕ ਏਸੇ ਦਾ ਹੀ ਰਾਜ ਹੈ।

ਹਫਤੇ ਬਾਦ ਦੁਬਾਰਾ ਧਰਮਾ ਸਿੰਘਾ ਦਾ ਮਰਦਾਨੇ ਨਾਲ ਮੇਲ ਹੋ ਗਿਆ। ਉਸ ਪੁੱਛਿਆ ਕਿ "ਮਹਾਤਮਾ ਜੀ ਤੁਸੀ ਤਾਂ ਕਿਹਾ ਸੀ ਕਿ ਤੁਸੀ ਦੋ ਜਣੇ ਹੋ ਪਰ ਇਕੱਲੇ ਹੀ ਭੋਜਨ ਖਾਣ ਕਿਓ ਆਉਦੇ ਹੋ।" ਮਰਦਾਨੇ ਨੇ ਦੱਸਿਆ ਕਿ ਮੇਰੇ ਨਾਲ ਦਾ ਮੇਰਾ ਮਾਲਕ ਬਹੁਤ ਸੰਤੋਖੀ ਹੈ। ਖਾਣ ਪੀਣ ਦੀ ਉਨੂੰ ਪਰਵਾਹ ਨਹੀ। ਨਿਰੰਕਾਰ ਨੂੰ ਧਿਆਉਣਾ ਹੀ ਉਹਦੀ ਖੁਰਾਕ ਹੈ। ਉਹ ਰੱਬ ਦਾ

ਪੈੜ ਸਫਾ

ਪਿਛੇ ਦੀ ਬਾਕੀ ➡ ਹੋ ਸਕਦਾ ਕਦੀ ਇੱਕ ਅਧੀ ਉਦਾਸੀ ਵੇਲੇ ਕਿਸੇ ਬਾਲੇ ਨੇ ਸਾਥ ਦਿੱਤਾ ਹੋਵੇ ਪਰ ਅਸਲ ਘਾਲਣਾ ਜਨਮ ਸਾਖੀਆਂ ਦੇ ਲਿਖਾਰੀਆਂ ਦੀ ਹੀ ਹੈ।

10. ਧਰਮ ਸਿੰਘ ਕਿ ਧਰਮਾ ਸਿੰਘਾ- ਬਰਮਾ ਇਲਾਕੇ ਵਿੱਚ ਓਨੀ ਦਿਨੀ ਸਿੰਘਾ ਨਾਂ ਨਾਲ ਆਮ ਵਰਤਿਆ ਜਾਂਦਾ ਸੀ। ਪਰ ਅਸੀ ਇਸ ਨਾਂ ਨੂੰ ਕੋਈ ਮਾਮਲਾ ( ਇਸ਼ੂ) ਨਹੀ ਬਣਾਉਣਾ ਚਾਹੁੰਦੇ। ਜੇ ਧਰਮ ਸਿੰਘ ਵੀ ਕਿਹਾ ਜਾਵੇ ਤਾਂ ਸਾਨੂੰ ਕੋਈ ਦਿਕਤ ਨਹੀ।

11. ਬਾਕੀ ਦੇ ਨਾਂ ਤਾਂ ਜਨਮ ਸਾਖੀ ਕਰਤਾ ਨੇ ਫਰਜੀ ਪਾਏ ਪਰ ਹੋ ਸਕਦਾ ਹੈ ਕਿ ਧਰਮ ਸਿੰਘ ਜਾਂ ਧਰਮਾ ਸਿੰਘਾ ਸਿੱਖੀ ਨਾਲ ਜੁੜਿਆ ਹੋਵੇ। ਜਿਸ ਦਾ ਜਿਕਰ ਜਨਮ ਸਾਖੀ ਪੂਰੇ ਆਤਮ ਵਿਸ਼ਵਾਸ਼ ਨਾਲ ਕਰਦੀ ਹੈ।

12. ਰਾਜੇ ਦੀ ਜਾਤ ਬ੍ਰਾਹਮਣ ਦੱਸੀ ਹੈ। ਰਾਖਸ਼ਸ਼ ਦੇਸ਼ ਵਿੱਚ ਵੀ ਓਨੀ ਦਿਨੀ ਰਾਜੇ ਆਪਣੇ ਆਪ ਨੂੰ ਬ੍ਰਾਹਮਣ ਦਸਦੇ ਹਨ। ਇਹ ਰਿਵਾਜ ਬਰਮਾ ਤੇ ਥਾਈਲੈਂਡ ਤੱਕ ਮੌਜੂਦ ਸੀ।

13. ਸਾਖੀ 'ਚ ਲਿਖਿਆ ਹੈ ਗੁਰੂ ਸਾਹਿਬ ਸਿਲਮਿਲਾ ਪਹਾੜਾਂ ਦੇ ਦਾਮਨ ਵਿੱਚ ਬੈਠੇ ਹਨ। ਮਤਲਬ ਸਾਲਮਾਲਾ ਪਰਬਤ ਮਾਲਾ। ਆਰਾਕਾਨ ਪਹਾੜੀ ਮਾਲਾ ਜਾਂ ਰਾਖੀਨ ਰੇਂਜ ਜਿਸ ਨੂੰ ਵਿਦਵਾਨਾਂ ਨੇ ਬਰੱਮਾ ਦੀਆਂ ਪਰਬਤ ਮਾਲਾ ਹੀ ਪਛਾਣਿਆ ਹੈ।

ਮਤਲਬ ਪਹਾੜੀ ਇਲਾਕਾ। ਰਾਜ ਬਹੁਤ ਵਿਸ਼ਾਲ ਹੈ। ਦੂਸਰੇ ਪਾਸੇ ਫਿਰ ਪਹਾੜ ਹਨ। ਇਹ ਬਰਮਾ ਤਾਂ ਹੋ ਸਕਦਾ ਹੈ ਪਰ ਦੀਪ ਤਨਾਸਿਰਮ ਵੀ ਨਹੀ ਹੈ। ਸੁਭਾਵਕ ਹੈ ਸੋਨਾਰਗਾਓ ਵੀ ਨਹੀ।

14. ਯਾਦ ਰਹੇ ਕਿਉਕਿ ਕੱਟਕ ਉਡੀਸਾ ਵੀ ਗੁਰੂ ਸਾਹਿਬ ਗਏ ਤੇ ਕੱਟਕ ਦੇ ਸਾਹਮਣੇ ਸਮੁੰਦਰ ਵਿੱਚ ਜਿਹੜਾ ਦੀਪ ਪੈਂਦਾ ਹੈ ਉਨੂੰ ਵੀ ਜੰਬੂ ਦੀਪ ਕਹਿੰਦੇ ਹਨ। ਇਥੋਂ ਦੀ ਵੀ ਗੁਰੂ ਸਾਹਿਬ ਲੰਘੇ ਸਨ। ਪਰ ਬਾਕੀ ਦੀਆਂ ਨਿਸ਼ਾਨੀਆਂ ਇਥੇ ਮੇਲ ਹਰਗਿਜ਼ ਨਹੀ ਖਾਂਧੀਆਂ।

14. "ਰਾਜ ਦੀ ਹੱਦ 7700 ਜੋਜਨ" (ਇਸ ਇਸ਼ਾਰੇ ਦੀ ਵਿਆਖਿਆ ਅਸੀ ਕਰਨ ਤੋਂ ਅਸਮਰਥ ਹਾਂ। ਕਿਉਕਿ ਇਹ ਦੂਰੀ ਤਾਂ ਬਹੁਤ ਜਿਆਦਾ ਹੋ ਜਾਂਦੀ ਹੈ। ਇੱਕ ਜੋਜਨ = 8 ਮੀਲ= 12.87 ਕਿਲੋਮੀਟਰ। ਕੁਲ ਦੂਰੀ ਹੋ ਗਈ 7700 ਗੁਣਾਂ 12.87=99135 ਕਿਲੋਮੀਟਰ। ਕੁਲ ਧਰਤੀ ਦਾ ਘੇਰਾ ਮਸਾਂ 25000 ਕਿਲੋ ਮੀਟਰ ਹੈ। ਇਹ ਗਲ ਕਹਿਣ ਤੋਂ ਜਨਮ ਸਾਖੀ ਕਰਤਾ ਦਾ ਮਤਲਬ ਹੈ ਬਹੁਤ ਵਿਸ਼ਾਲ।

ਸਾਡਾ ਕਹਿਣ ਦਾ ਮਤਲਬ ਇਹ ਸਾਖੀ ਮੀਆਮਾਰ ਦੇ ਸ਼ਹਿਰ ਆਵਾ ਜਾਂ ਇੰਗਵਾ ਦੀ ਹੈ ਜਿਸ ਨੂੰ ਅੱਜ ਕਲ ਮਾਂਡਲਾ ਕਿਹਾ ਜਾਂਦਾ ਹੈ।

ਬਾਕੀ ਇਹ ਗੱਲ ਮੰਨਣ ਯੋਗ ਨਹੀ ਕਿ ਗੁਰੂ ਸਾਹਿਬ 15 ਮਹੀਨੇ ਰਾਜਾ ਮਿਨ ਸਵੇ ਕੋਲ ਠਹਿਰੇ ਸਨ। ਜਨਮ ਸਾਖੀ ਵਿਚ ਥਾਂਈ ਥਾਂਈ ਸਮਾਂ ਵਧਾ ਕੇ ਲਿਖਿਆ ਹੈ।

https://en.wikipedia.org/wiki/Shwenankyawshin

ਰੂਪ ਹੈ। ਉਹ ਰੱਬ ਹੀ ਹੈ। ਰੋਟੀ ਮਿਲ ਗਈ, ਠੀਕ। ਨਹੀ ਤਾਂ ਕੋਈ ਪ੍ਰਵਾਹ ਨਹੀ। ਹਾਂ ਜੇ ਉਹ ਨਿਰੰਕਾਰ ਨੂੰ ਯਾਦ ਨਾਂ ਕਰੇ ਤਾਂ ਫਿਰ ਉਹਦੀ ਹਾਲਤ ਖਰਾਬ ਹੁੰਦੀ ਹੈ।

ਸਿੰਘਾ ਕਹਿਣ ਲੱਗਾ "ਰੋਟੀ ਖਾ ਲੈ। ਚਲ ਮੈਂ ਵੀ ਤੇਰੇ ਨਾਲ ਚਲਦਾ ਵਾਂ ਸੰਤਾਂ ਦੇ ਦਰਸ਼ਨ ਕਰਕੇ ਆਉਦਾ ਵਾਂ। "

ਗੁਰੂ ਸਾਹਿਬ ਦੇ ਡੇਰੇ ਤੇ ਦੋਵੇਂ ਪਹੁੰਚ ਗਏ। ਗੁਰੂ ਸਾਹਿਬ ਦੀ ਨਿਰੰਕਾਰ ਨਾਲ ਲਿਵ ਲੱਗੀ ਹੋਈ ਸੀ। ਜਾ ਕੇ ਬੈਠ ਗਏ। ਸਿੰਘਾ ਪੁੱਛਦਾ ਮਰਦਾਨੇ ਨੂੰ ਕਿ ਇਹ ਕਦੋਂ ਉਠਣਗੇ।? ਮਰਦਾਨੇ ਨੇ ਦੱਸਿਆ ਕਿ ਕੋਈ ਪਤਾ ਨਹੀ ਇਹ ਤਾਂ ਕਦੀ ਕਦੀ ਦਿਨ ਭਰ ਹੀ ਏਸੇ ਹਾਲਤ ਵਿੱਚ ਕੱਢ ਦਿੰਦੇ ਨੇ। ਸਿੰਘਾ ਪੁੱਛਦਾ ਫਿਰ ਕੀ ਕਰੀਏ? ਮਰਦਾਨੇ ਨੇ ਹੌਲੀ ਜਿਹੀ ਉਹਦੇ ਕੰਨ ਵਿੱਚ ਕਿਹਾ ਕਿ ਅਵਾਜ ਦੇ; ਕਰਤਾਰ, ਕਰਤਾਰ, ਸਤਿ ਕਰਤਾਰ। ਸਿੰਘਾ ਨੇ ਓਸੇ ਤਰਾਂ ਕੀਤਾ।



ਰਾਜਾ ਮਿਨ ਸਵੇ ਨੇ ਵੀ ਕੁਝ ਇਹੋ ਜਿਹਾ ਸੁਨਿਹਰੀ ਸਤੂਪ ਹੀ ਬਣਵਾਇਆ ਹੋਵੇਗਾ। ਪਰ ਇਹ ਤਸਵੀਰ ਸ਼ਹਿਰ ਇਨਵਾ ਵਿਖੇ ਅੱਜ ਬਣ ਰਹੇ ਸਤੂਪ ਦੀ ਹੈ। ਧਿਆਨ ਨਾਲ ਵੇਖੋ। ਬੰਦੇ ਨਜਰ ਆਉਣਗੇ। ਅੰਦਾਜ਼ਾ ਲਾਓ ਕਿੰਨਾ ਵਿਸ਼ਾਲ ਪਗੋਡਾ ਹੈ!

ਗੁਰੂ ਸਾਹਿਬ ਨੇ ਅੱਖਾਂ ਖੋਹਲੀਆਂ। ਹਾਲ ਚਾਲ, ਜਾਣ ਪਛਾਣ ਪੁੱਛੀ। ਸਿੰਘਾ ਨੇ ਕਿਹਾ ਕਿ "ਮੈਂ ਮਹਾਰਾਜ ਮਿਨ ਸਵੇ ਦਾ ਮੁਲਾਜਮ ਹਾਂ। ਰਾਜੇ ਨੇ ਮੈਨੂੰ ਹੁਕਮ ਕੀਤਾ ਹੋਇਆ ਕਿ ਰਾਜ ਵਿੱਚ ਕੋਈ ਬੰਦਾ ਭੁੱਖਾ ਨਹੀ ਰਹਿਣਾ ਚਾਹੀਦਾ। ਇਸ ਕਰਕੇ ਮੈਂ ਭੋਜਨ ਲੈ ਕੇ ਹਾਜਰ ਹੋਇਆ ਹਾਂ। ਸਵੀਕਾਰ ਕਰੋ। "

ਗੁਰੂ ਸਾਹਿਬ ਨੇ ਮਹਾਰਾਜ ਬਾਰੇ ਹੋਰ ਪੁੱਛਿਆ ਤਾਂ ਧਰਮਾ ਸਿੰਘਾ ਨੇ ਕਿਹਾ ਕਿ ਮਹਾਰਾਜਾ ਅੱਜ ਤੋਂ 10 ਸਾਲ ਪਹਿਲਾਂ (7 ਅਪਰੈਲ 1501 ਈ) ਗੱਦੀ ਤੇ ਬੈਠਾ ਸੀ। (ਕਿਉਕਿ ਰਾਜੇ ਨੇ ਹੁਕਮ ਕਰਕੇ ਆਵਾ ਨੂੰ ਸੋਨ ਨਗਰੀ ਬਣਾ ਦਿੱਤਾ ਸੀ ਇਤਹਾਸ ਵਿੱਚ ਇਸ ਰਾਜੇ ਦਾ ਨਾਂ 'ਮਿਨ ਸਵੇ' ਦੇ ਬਿਜਾਏ ਜਿਆਦਾ Shwenankyawshin ਸ਼ਵੇਨਾਨਕਿਆਸ਼ਿਨ ਪੈ ਗਇਆ ਹੈ। ਜਿਸ ਦਾ ਮਤਲਬ ਹੁੰਦਾ ਹੈ ਸੁਨਿਹਰੀ ਮਹਿਲ ਦਾ ਮਾਲਕ) ਧਰਮਾ ਸਿੰਘਾ ਨੇ ਦੱਸਿਆ ਕਿ ਰਾਜੇ ਮਿਨ ਸਵੇ ਦੇ ਤਹਿਤ ਕੋਈ 17 ਛੋਟੇ ਮੋਟੇ ਰਾਜੇ ਹਨ। ਸਿੰਘਾ ਨੇ ਕਿਹਾ ਕਿ ਰਾਜੇ ਦੇ ਸਿਰ ਛੱਤ੍ਰ ਆਪ ਨਿਰੰਕਾਰ ਨੇ ਦਿੱਤਾ ਹੈ। ਇਸ ਨੇ ਰਾਜ ਕਿਸੇ ਕੋਲੋ ਖੋਹਿਆ ਨਹੀ। ਇਤਹਾਸ ਵਿੱਚ ਦਰਜ ਹੈ ਕਿ ਰਾਜਾ ਮਿਨ ਸਵੇ ਦੂਸਰੇ ਨੰਬਰ ਦਾ ਰਾਜ ਕੁਮਾਰ ਸੀ। ਜਦੋਂ ਇਸ ਦਾ ਵੱਡਾ ਭਰਾ ਤੇ ਪਿਤਾ ਗੁਜਰ ਗਏ ਤਾਂ ਫਿਰ ਰਾਜ ਗੱਦੀ ਇਨ੍ਹੂੰ ਮਿਲੀ ਸੀ।

ਗੁਰੂ ਸਾਹਿਬ ਨੇ ਭੋਜਨ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਸਿੰਘਾ ਨੇ ਕਿਹਾ ਕਿ ਜੇ ਇਹ ਵਾਲਾ ਭੋਜਨ ਤੁਹਾਨੂੰ ਪਸੰਦ ਨਹੀ ਤਾਂ ਮੈਂ ਕੋਈ ਦੂਸਰੀ ਵਸਤੂ ਲੈ ਆਉਦਾ ਹਾਂ। ਬਾਬੇ ਨੇ ਕਿਹਾ ਕਿ ਨਹੀ ਅਜਿਹੀ ਕੋਈ ਗੱਲ ਨਹੀ, ਸਾਡਾ ਤੁਹਾਡੇ ਰਾਜੇ ਨਾਲ ਗਿਲਾ ਹੈ। ਕਦੀ ਰਾਜੇ ਨੂੰ ਮਿਲ ਕੇ ਗਿਲਾ ਸ਼ਿਕਵਾ ਦੂਰ ਕਰਕੇ ਫਿਰ ਤੁਹਾਡੇ ਨਾਲ ਭੋਜਨ ਕਰਾਂਗੇ।

ਸਿੰਘਾ ਕਹਿਣ ਲੱਗਾ ਕਿ ਕਿਹੜੀ ਗੱਲੋਂ ਤੁਸੀ ਰਾਜੇ ਨਾਲ ਖਫਾ ਹੋ ਸੰਤ ਜੀ। ਗੁਰੂ ਸਾਹਿਬ ਨੇ ਸਿੰਘਾ ਨੂੰ ਕਿਹਾ ਕਿ ਇਹ ਤਾਂ ਰਾਜੇ ਨੂੰ ਹੀ ਦੱਸ ਸਕਦਾ ਹਾਂ। ਉਹ ਹੀ ਸਮਝ ਪਾਏਗਾ।

ਧਰਮਾ ਸਿੰਘਾ ਨੇ ਝੱਟ ਰਾਜੇ ਨੂੰ ਗੱਲ ਦੱਸੀ ਕਿ ਬਾਹਰ ਇੱਕ ਸਾਧੂ ਆਇਆ ਹੈ ਤੇ ਉਹ ਤੁਹਾਡੇ ਤੇ ਖ਼ੁੱਸ਼ ਨਹੀ ਹੈ। ਮੈਂ ਕਾਰਨ ਪੁੱਛਿਆ ਤਾਂ ਕਹਿਣ ਲੱਗਾ ਕਿ ਇਹ ਗੱਲ ਤਾਂ ਮੈਂ ਰਾਜਾ ਨੂੰ ਹੀ ਦੱਸ ਸਕਦਾ ਹਾਂ।

ਸਬੱਬੀ ਰਾਜਾ ਵੀ ਉਸ ਵੇਲੇ ਫੁਰਸਤ ਵਿੱਚ ਸੀ। ਝੱਟ ਘੋੜੇ ਤੇ ਕਾਠੀ ਪਵਾਈ ਤੇ ਗੁਰੂ ਸਾਹਿਬ ਕੋਲ ਆ ਪਹੁੰਚਿਆ। ਜਾਣ ਪਛਾਣ ਹੋਈ ਗੁਰੂ ਸਾਹਿਬ ਕੋਲੋ ਰਾਜੇ ਨੇ ਦਿੱਲੀ ਪੰਜਾਬ ਦੀਆਂ ਗੱਲਾਂ ਪੁੱਛੀਆਂ। ਸਾਹਿਬ ਨੇ ਦੱਸਿਆ ਕਿ ਕਿਵੇ ਉਹ ਚਿਟਾਗਾਂਗ ਤੇ ਮਰਾਕ ਉ ਦੇ ਰਾਜੇ ਨੂੰ ਵੀ ਮਿਲ ਕੇ ਆਏ ਨੇ। ਰਾਜਾ ਗੁਰੂ ਸਾਹਿਬ ਦੇ ਰਾਜਨੀਤਕ ਗਿਆਨ ਤੋਂ ਬਹੁਤ ਪ੍ਰਭਾਵਿਤ ਹੋਇਆ।

ਗੁਰੂ ਸਾਹਿਬ ਨੇ ਫਿਰ ਰਾਜਾ ਦੇ ਪਿੱਛੋਕੜ ਬਾਰੇ ਗੱਲ ਬਾਤ ਸ਼ੁਰੂ ਕਰ ਦਿੱਤੀ। ਉਹਦੇ ਬੀਤੇ ਦੀਆਂ ਕਈ ਗੱਲਾਂ ਦੱਸੀਆਂ ਕਿ ਕਿਵੇ ਉਹਦੀ ਮੂਰਖਤਾ ਦੇ ਬਾਵਜੂਦ ਨਿਰੰਕਾਰ ਉਹਦੀ ਰੱਖਿਆ ਕਰਦਾ ਆਇਆ ਹੈ। ਉਹ ਗੱਲਾਂ ਤੇ ਉਹ ਰਾਜ ਸਿਰਫ ਰਾਜਾ ਹੀ ਜਾਣਦਾ ਸੀ। ਰਾਜਾ ਮਿਨ ਸਵੇ (ਕਵਲ ਨੈਨ) ਝੱਟ ਗੁਰੂ ਸਾਹਿਬ ਦੇ ਪੈਰੀ ਆ ਪਿਆ ਤੇ ਖਿਮਾ ਦੀ ਯਾਚਨਾ ਕੀਤੀ।

ਰਾਜੇ ਨੇ ਕਿਹਾ ਕਿ ਪਿੱਛੇ ਜੋ ਹੋਇਆ ਸੀ ਹੋਇਆ ਅੱਗੇ ਵਾਸਤੇ ਮੈਨੂੰ ਹੁਕਮ ਕਰੋ। ਜਿਵੇ ਤੁਸੀ ਕਹੋਗੇ ਮੈਂ ਓਵੇਂ ਹੀ ਕਰਾਂਗਾ। ਰਾਜੇ ਨੇ ਗੁਰੂ ਸਾਹਿਬ ਅੱਗੇ ਅਰਜੋਈ ਕੀਤੀ ਕਿ ਸਾਹਿਬ ਮੈਨੂੰ ਰਾਜ ਕਰਨ ਵਿੱਚ ਬਹੁਤ ਮੁਸ਼ਕਲਾਂ ਪੇਸ਼ ਆ ਰਹੀਆ ਹਨ ਕਿਰਪਾ ਕਰੋ।

ਗੁਰੂ ਸਾਹਿਬ ਨੇ ਰਾਜਾ ਮਿਨ ਸਵੇ ਨੂੰ ਸਲਾਹ ਦਿੱਤੀ ਕਿ ਜੇ ਭਲਾ ਚਾਹੁੰਦੇ ਹੋ ਤਾਂ ਚਿਟਾਗਾਂਗ ਦੇ ਰਾਜਾ ਹੁਸੈਨ ਸ਼ਾਹ ਨਾਲ ਸੰਧੀ ਕਰ ਲਓ ਤੇ ਉਸ ਦੇ ਸਲਾਮੀ ਬਣ ਜਾਓ, ਤੁਹਾਡਾ ਰਾਜ ਬਚਿਆ ਰਹੇਗਾ। (ਲਗਦੈ ਇਥੇ ਗੁਰੂ ਸਾਹਿਬ ਨੇ ਰਾਜੇ ਨੂੰ ਸਮਝਾਇਆ ਹੋਏ ਕਿ ਤੁਸੀ ਦੋਵੇ ਰਾਜੇ ਮਿਲ ਕੇ ਦਿੱਲੀ ਵੀ ਫਤਹਿ ਕਰ ਸਕਦੇ ਹੋ।) ਜੇ ਅਜਿਹਾ ਨਹੀ ਕਰੋਗੇ ਤਾਂ ਤੁਹਾਡੀ ਮਰਜੀ। ਰਾਜੇ ਨੇ ਕਿਹਾ ਕਿ ਹੁਸੈਨ ਸ਼ਾਹ ਤਾਂ ਵੱਡਾ ਰਾਜਾ ਹੈ ਜੇ ਕੋਈ ਉਸ ਤੋਂ ਵੀ ਨੀਵਾ ਹੈ ਤਾਂ ਮੈ ਉਸ ਨੂੰ ਵੀ ਨਮਸਕਾਰ ਕਰਨ ਨੂੰ ਤਿਆਰ ਹਾਂ। ਤੁਹਾਡਾ ਹੁਕਮ ਚਾਹੀਦਾ ਹੈ, ਬਸ।

ਗੁਰੂ ਸਾਹਿਬ ਨੇ ਰਾਜੇ ਨੂੰ ਸਿੱਖੀ ਦਾ ਤਿੰਨ ਥੰਮਾ ਸਿਧਾਂਤ ਸਮਝਾਇਆ : ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ।

ਰਾਜੇ ਮਿਨ ਸਵੇ ਨੇ ਗੁਰੂ ਸਾਹਿਬ ਦੇ ਸਾਰੇ ਹੁਕਮ ਮੰਨਣ ਦਾ ਵਾਇਦਾ ਦੇ ਕੇ ਬੇਨਤੀ ਕੀਤੀ ਕਿ ਚਲੋਂ ਹੁਣ ਮੇਰੇ ਮਹਿਲਾਂ ਨੂੰ ਵੀ ਪਵਿਤਰ ਕਰ ਦਿਓ। ਗੁਰੂ ਸਾਹਿਬ ਰਾਜੇ ਦੇ ਮਹਿਲਾਂ ਵਿੱਚ ਗਏ ਤੇ ਹਫਤਾ ਦਸ ਦਿਨ ਉਸ ਸ਼ਹਿਰ ਦੇ ਵਸਨੀਕਾਂ ਨੂੰ ਹੀ ਸਤਿਨਾਮ ਸਤਿ ਕਰਤਾਰ ਦੇ ਨਾਮ ਨਾਲ ਜੋੜਿਆ। ਦੂਸਰੇ ਪਾਖੰਡਾਂ ਤੋਂ ਹਟਾ ਕੇ ਇੱਕ ਨਿਰਾਕਾਰ ਪ੍ਰਭੂ ਨਾਲ ਜੋੜਿਆ।

----◈-----

ਅੱਗੇ ਜੰਬੂ ਦੀਪ ਨੂੰ ਚਲੇ (ਬਾਲਾ ਪੰਨਾ 180)

## ਜਦੋਂ ਦੇਵਲੂਤ ਰਾਜੇ 'ਬਿਨਿਆ ਰਨ' ਨੇ ਬਾਬੇ ਤੇ ਮਰਦਾਨੇ ਦਾ ਸ਼ਿਕਾਰ ਖੇਡਣਾ ਚਾਹਿਆ◉

ਬਰਮਾ ਦੇ ਇੱਕ ਵੱਡੇ ਹਿਸੇ ਤੇ ਹੰਥਾਵੱਡੀ (ਹੰਸਾਵਤੀ: ਜੋ ਹੰਸ ਪਾਲਦੇ ਸਨ) ਖਾਨਦਾਨ ਰਾਜ ਕਰਦਾ ਸੀ। ਕਿਸੇ ਮੌਕੇ ਇੱਕ ਰਾਣੀ 'ਸ਼ੀਂ ਸਾਬੋ' ਦਾ ਰਾਜ ਬੇਗੋ ਤੇ ਹੋ ਗਿਆ। ਸ਼ੀਂ ਸਾਬੋ ਇੱਕ ਬੋਧੀ ਭਿਕਸ਼ੂ ਧੰਮਾਜੇਦੀ ਤੋਂ ਇਨੀ ਪ੍ਰਭਾਵਤ ਹੋਈ ਕਿ ਉਸ ਨੇ ਆਪਣੀ ਰਾਜਕੁਮਾਰੀ ਧੀ ਦਾ ਵਿਆਹ ਧੰਮਾਜੇਦੀ ਭਿਕਸ਼ੂ ਨਾਲ ਕਰ ਦਿੱਤਾ। 1471 ਈ. ਵਿੱਚ ਫਿਰ ਧੰਮਾਜੇਦੀ ਹੀ ਬੇਗੋ ਤੇ ਤਖਤ ਤੇ ਬਰਾਜਮਾਨ ਹੋ ਗਿਆ। ਓਹਦੇ ਧਰਮੀ ਰਾਜ ਦੀ ਚਾਰ ਚੁਫੇਰੇ ਧੁੰਮ ਪੈ ਗਈ। ਇਹਨੇ ਰਾਜ ਕਰਨ ਦੇ ਨਵੇ ਕਨੂੰਨ ਘੜ ਦਿੱਤੇ ਜੋ ਅੱਜ ਵੀ ਦਸਤਾਵੇਜ ਤੇ ਤੌਰ ਸਿਲਲੇਖ ਤੇ ਮਿਲਦੇ ਹਨ ਇਨਾਂ ਨੂੰ ਧੰਮਾਜ਼ੇਦੀ ਪਿਆਟਨ ਕਿਹਾ ਜਾਂਦਾ ਹੈ।

ਏਸੇ ਮਸ਼ਹੂਰ ਬੋਧੀ ਭਿਕਸ਼ੂ ਰਾਜੇ ਦੇ ਪੁੱਤਰ 'ਬਿਨਿਆ ਰਣ' ਦਾ ਰਾਜ (1492 ਈ. ਤੋਂ 1526) ਨੂੰ ਬੇਗੋ ਤੇ ਹੋ ਜਾਂਦਾ ਹੈ। ਇਹ ਏਨਾਂ ਝੱਲਾ ਰਾਜਾ ਸੀ ਕਿ ਦੂਸਰੀ ਰਿਆਸਤ ਵਿੱਚ ਸਥਿਤ ਸ਼ਵਾਜੀਗੌਨ ਸਤੂਪ ਤੇ ਮੱਥਾ ਟੇਕਣ ਫੌਜਾਂ ਸਮੇਤ ਚਲਾ ਗਿਆ।

ਜਨਮ ਸਾਖੀ ਅਨੁਸਾਰ ਬਾਗੋ ਸ਼ਹਿਰ ਪਹੁੰਚਣ ਵਿੱਚ ਬਾਬੇ ਤੇ ਮਰਦਾਨੇ ਨੂੰ 27 ਦਿਨ ਲੱਗੇ। ਕਿਤੇ ਧਰਤੀ ਤੇ ਕਿਤੇ ਪਹਾੜ। ਇਹ ਸ਼ਹਿਰ ਜਿੱਥੇ ਪਹੁੰਚੇ ਪਹਾੜੀ ਤੇ ਮੌਜੂਦ ਹੈ। ਰਾਜੇ ਦਾ ਨਾਂ ਦੇਵਲੂਤ ਦਿੱਤਾ ਹੈ। ਗੁਰੂ ਸਾਹਿਬ ਸ਼ਹਿਰ ਤੋਂ 2 ਕੋਹ ਉਰਾਂ ਹੀ ਡੇਰਾ ਜਮਾ ਕੇ ਬਹਿ ਗਏ। ਰਾਜੇ ਨੂੰ ਖਬਰ ਮਿਲੀ ਕਿ ਕੁਝ ਵੱਖਰੀ ਹੀ ਨਸਲ ਦੇ ਬੰਦੇ ਬਾਹਰ ਬੈਠੇ ਨੇ।

ਇਲਾਕੇ 'ਚ ਰਿਵਾਜ ਹੁੰਦਾ ਸੀ ਕਿ ਦੁਸ਼ਮਣ ਦੇ ਬੰਦਿਆ ਨੂੰ ਮਾਰ ਕੇ ਖਾ ਜਾਂਦੇ ਸਨ। ਲੱਗਦਾ ਹੈ ਕਿ ਗੁਰੂ ਸਾਹਿਬ ਤੇ ਵੀ ਸ਼ੱਕ ਹੋਇਆ ਤੇ ਰਾਜੇ ਨੇ ਬੰਦੇ ਭੇਜੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ। ਸਾਖੀ 'ਚ ਆਉਦਾ ਹੈ ਕਿ ਜਦੋਂ ਬੰਦੇ ਗੁਰੂ ਸਾਹਿਬ ਦੇ ਨਜਦੀਕ ਪਹੁੰਚਣ ਤਾਂ ਅੰਨੇ ਹੋ ਜਾਵਣ। ਦੂਰ ਹੱਟਣ ਤਾਂ ਦਿਸਣਾ ਸ਼ੁਰੂ ਹੋ ਜਾਵੇ।

ਰਾਜੇ ਨੇ ਇਸ ਤਰਾਂ 7 ਵੱਖ ਵੱਖ ਟੀਮਾਂ ਭੇਜੀਆਂ। ਪਰ ਹਰ ਵਾਰੀ ਇਹੋ ਹੋਇਆ। ਰਾਜੇ ਦੇ ਵਜੀਰ ਨੇ ਫਿਰ ਸਲਾਹ ਦਿੱਤੀ ਕਿ ਹੋ ਸਕਦਾ ਹੈ ਕਿ ਓਥੇ ਬੈਠਾ ਕੋਈ ਪੂਰਨ ਮਹਾਤਮਾ ਪੁਰਖ ਹੋਵੇ। ਉਸ ਕਿਹਾ ਕਿ ਰਾਜਾ ਜੀ ਮੈਨੂੰ ਇਜਾਜਤ ਦੇਵੋ। ਪਰ ਸ਼ੁਧ ਤੇ ਸਤਿਕਾਰ ਵਾਲੀ ਭਾਵਨਾ ਨਾਲ ਸਾਧੂਆਂ ਕੋਲ ਜਾਂਦਾ ਹਾਂ ਜੇ ਮੈਂ ਅੰਨਾ ਨਾਂ ਹੋਇਆ ਤਾਂ ਸਮਝ ਲੈਣਾ ਕਿ ਕੋਈ ਪੂਰਨ ਬ੍ਰਹਮਗਿਆਨੀ ਪੁਰਖ ਹੈ ਉਹ। ਰਾਜੇ ਨੂੰ ਇਹ ਸਲਾਹ ਚੰਗੀ ਲੱਗੀ ਤੇ ਵਜੀਰ ਭੇਟ ਲੈ ਕੇ ਗੁਰੂ ਸਾਹਿਬ ਦੇ ਹਾਜਰ ਹੋਇਆ। ਵਿਸਥਾਰ ਵਿੱਚ ਗੱਲਾਂ ਬਾਤਾਂ ਹੋਈਆਂ। ਵਜੀਰ ਨੇ ਸਰਕਾਰ ਦੇ ਪਹਿਲੇ ਨਜਰੀਏ ਤੇ ਮਾਫੀ ਮੰਗੀ ਤੇ ਸ਼ਰਮ ਮਹਿਸੂਸ ਕੀਤੀ। ਆ ਕੇ ਰਾਜੇ ਨੂੰ ਸਾਰੀ ਗੱਲ ਬਾਤ ਦੱਸੀ। ਫਿਰ ਰਾਜਾ ਆਪ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਲਾਮ ਲਸ਼ਕਰ ਸਮੇਤ ਪਹੁੰਚਿਆ। ਮਨ ਵਿੱਚ ਬੁਧਮਤ ਜਾਂ ਕੋਈ ਹੋਰ ਦਵੇਸ਼ ਭਾਵਨਾ ਹੋਣ ਕਰਕੇ ਉਹ ਵੀ ਅੰਨਾ ਹੋ ਗਇਆ ਤੇ ਵਾਪਸ ਪਰਤਿਆ। ਆ ਕੇ ਵਜੀਰ ਨਾਲ ਗੱਲ ਕੀਤੀ।

ਫਿਰ ਵਜੀਰ ਗੁਰੂ ਸਾਹਿਬ ਕੋਲ ਰਾਜੇ ਸਮੇਤ ਗਿਆ। ਪੈਰੀ ਪੈ ਕੇ ਭੁੱਲ ਬਖਸਵਾਈ। ਗੁਰੂ ਸਾਹਿਬ ਨੂੰ ਮਹਿਲਾਂ ਵਿੱਚ ਸੱਦਿਆ। ਗੁਰੂ ਸਾਹਿਬ ਨੇ ਮਹਿਲੀ ਜਾਣ ਤੋਂ ਇਨਕਾਰ ਕੀਤਾ। ਰਾਜੇ ਨੇ ਭੋਜਨ ਵਾਸਤੇ ਵੀ ਸੱਦਿਆ ਤਾਂ ਗੁਰੂ ਸਾਹਿਬ ਨੇ ਇਸ ਗੱਲ ਤੇ ਵੀ ਡੱਟ ਕੇ ਵਿਰੋਧਤਾ ਕੀਤੀ ਕਿ ਤੁਹਾਡਾ ਰਾਖਸ਼ ਖਾਣਾ ਮੈਨੂੰ ਸਵੀਕਾਰ ਨਹੀ। ਜਨਮ ਸਾਖੀ ਵਿੱਚ ਆਉਦਾ ਹੈ ਕਿ ਰਾਜੇ ਨੇ ਅੱਗੇ ਤੋਂ ਵਾਇਦਾ ਕੀਤਾ ਕਿ ਉਹ ਇਨਸਾਨੀ ਮਾਸ ਨਹੀ ਖਾਵੇਗਾ ਤੇ ਰਾਜ ਵਿੱਚ ਰਾਖਸ਼ਪੁਣੇ ਤੇ ਪਾਬੰਦੀ ਲਾਈ। ਗੁਰੂ ਸਾਹਿਬ ਕੋਲੋ ਨਾਮ ਦਾਤ ਹਾਸਲ ਕੀਤੀ ਤੇ ਆਪਣੇ ਜੀਵਨ ਵਿੱਚ ਕਾਲ ਵਿੱਚ ਸਿੱਖੀ ਦਾ ਪ੍ਰਚਾਰਕ ਹੀ ਬਣਿਆ ਰਿਹਾ।

ਕਾਫੀ ਸਮਾਂ ਓਥੇ ਗੁਰੂ ਸਾਹਿਬ ਰਹੇ ਤੇ ਫਿਰ ਸਮੁੰਦਰੀ ਜਹਾਜ ਰਾਂਹੀ ਬੰਗਾਲ ਵਾਲੇ ਪਾਸੇ ਆ ਗਏ।

—▲—

ਹੈਰ ਸਰੋ

◉ ਹੰਥਾਵੱਡੀ ਰਿਆਸਤ ਦਾ ਬਿਨਿਆ ਰਾਂ
https://en.wikipedia.org/wiki/Binnya_Ran_II
https://en.wikipedia.org/wiki/Bago,_Myanmar
https://en.wikipedia.org/wiki/List_of_capitals_of_Myanmar
https://en.wikipedia.org/wiki/Inwa

ਬਾਲਾ ਇਥੇ ਜੰਬੂ ਦੀਪ ਦੀ ਗੱਲ ਕਰਦਾ ਹੈ। ਹਿਊਨ ਸਾਗ ਵਰਗੇ ਬਾਹਰੀ ਯਾਤਰੂਆਂ ਜੰਬੂ ਦੀਪ ਭਾਰਤ ਨੂੰ ਕਿਹਾ। ਪਰ ਬਾਲਾ ਇਥੇ ਜੰਬੂ (ਹਾਥੀ) ਤੋਂ ਮਤਲਬ ਲੈ ਰਿਹਾ ਹੈ। ਹਾਥੀ ਥਾਈਲੈਂਡ ਵਿੱਚ ਵੀ ਖੂਬ ਸੀ ਤੇ ਬਰਮਾ ਵਿੱਚ ਵੀ ਓਨੀ ਦਿਨੀ ਆਮ ਮਿਲਦੇ ਸਨ। ਰਾਖਸ਼ ਥਾਈਲੈਂਡ ਵੀ ਹੁੰਦੇ ਸੀ। ਸੋ ਸੰਭਾਵਨਾ ਇਨਾਂ ਦੋਵਾਂ ਇਲਾਕਿਆਂ ਦੀ ਬਣ ਸਕਦੀ ਹੈ। ਪਰ ਬੰਗਾਲ ਦਾ ਰਾਜ ਓਧਰ ਹੋਣ ਦੀ ਸੰਭਾਵਨਾ ਨਹੀ ਬਣਦੀ।

ਜੇ ਤਾਂ ਥਾਂਈਲੈਂਡ ਦੀ ਗੱਲ ਹੁੰਦੀ ਤਾਂ ਰਾਜਧਾਨੀ ਅਯੁਥਿਆ (ਅਯੁਧਿਆ) ਜੋ ਤਿੰਨ ਦਰਿਆਂਵਾਂ ਦੇ ਦਰਮਿਆਨ ਆਉਦੀ ਹੈ ਓਹਦਾ ਜਰੂਰ ਜਿਕਰ ਹੋਣਾ ਸੀ। ਇਹ ਰਾਜਧਾਨੀ ਵੀ ਪਹਾੜੀ ਇਲਾਕਾ ਨਹੀ।

ਇਸ ਖਿੱਤੇ ਵਿੱਚ ਫਿਰ ਬੇਗੋ ਦੀ ਹੰਸਾਵਤੀ ਰਿਆਸਤ ਬਚਦੀ ਹੈ। ਜਿੱਥੇ ਹਾਥੀ ਵੀ ਹਨ ਤੇ ਲੋਕ ਵੀ ਮਾਣਸ ਖਾਣੇ ਰਾਖਸ ਸਨ ਤੇ ਅਗਲੀ ਗੱਲ ਰਾਜਾ ਵੀ ਬੋਧੀ ਦੇਵਲੂਤ।

ਬਾਕੀ ਜਿਹੜੀ ਬਾਲੇ ਨੇ ਗੱਲ ਲਿਖੀ ਹੈ ਕਿ 27 ਦਿਨਾਂ ਵਿੱਚ ਇਥੇ ਪਹੁੰਚੇ ਇਹ ਵੀ ਲੱਗ ਸੱਚੀ ਹੋ ਸਕਦੀ ਹੈ ਕਿਉਕਿ ਸਵਰਨ ਪੁਰ (ਇਨਵਾ) ਤੋਂ ਬੇਗੋ ਦਾ ਰਸਤਾ ਦੁਰਗਮ ਪਹਾੜੀ ਹੈ। ਪੈਦਲ ਕੁਲ ਮਿਲਾ ਕੇ 600 ਕਿਲੋਮੀਟਰ ਹੋ ਹੀ ਜਾਂਦਾ ਹੋਵੇਗਾ ਕਿਉਕਿ ਨੱਕ ਦੀ ਸੀਧ ਤੇ ਹੀ 510 ਕਿਲੋਮੀਟਰ ਪੈ ਜਾਂਦਾ ਹੈ।

## ਪਹਿਲੀ ਉਦਾਸੀ। ਭਾਗ -8

# ਉੜੀਸਾ ਅਤੇ ਪੁਰੀ ਤੋਂ ਮਥੁਰਾ

ਪੁਰੀ ਤੋਂ ਅੱਗੇ ਲੰਕਾ ਨੂੰ ਜਾਣ ਦੇ ਬਿਜਾਏ ਪੰਜਾਬ ਨੂੰ ਪਰਤੇ। (1511 ਈ. ਮੱਧ)੦

ਬਾਗੋ (ਮਿਆਂਮਾਰ) ਤੋਂ ਜਹਾਜ ਰਾਂਹੀ ਚਲਕੇ ਬਾਬਾ ਸਮੁੰਦਰੀ ਤੱਟ ਦੇ ਨਾਲ ਨਾਲ ਹੁੰਦਾ ਹੋਇਆ ਰਖਾਈਨ ਦੇਸ, ਚਿਟਾਂਗਾਗ ਤੇ ਫਿਰ ਦਰਿਆ ਹੁਗਲੀ ਦੇ ਮੁਹਾਨੇ ਥਾਂਣੀ ਕਲਕੱਤਾ ਆਏ ਤੇ ਫਿਰ ਚੰਦਰਕੋਨਾ ਤੋਂ ਕੰਟਾਈ, ਭਦਰਕ, ਕੱਟਕ, ਹੁੰਦੇ ਹੋਏ ਪੁਰੀ ਪਹੁੰਚੇ। ਧਿਆਨ ਰਹੇ ਅੱਜ ਦੇ ਭੁਵਨੇਸ਼ਵਰ, ਬਾਲਾਸੋਰ, ਜਲੇਸਵਰ ਜਿਹੇ ਸ਼ਹਿਰ ਓਦੋਂ ਜਾਂ ਤਾਂ ਅਜੇ ਜੰਮੇ ਨਹੀ ਸਨ ਜਾਂ ਅਹਿਮੀਅਤ ਨਹੀ ਸਨ ਰਖਦੇ।

**ਭਦਰਕ** -ਓੜੀਸਾ ਦੇ ਅਫਸਾਨਿਆਂ ਵਿਚ ਵੀ ਗੁਰੂ ਨਾਨਕ ਦਾ ਨਾਂ ਚਲਦਾ ਆਇਆ ਹੈ। ਅਜਿਹੇ ਹੀ ਅਫਸਾਨੇ ਉੜੀਸਾ ਦੇ ਸ਼ਹਿਰ ਭਦਰਕ ਵਿਚਲੇ ਪਿੰਡ ਸੰਗਤ ਸਾਹਿਬ ਦੇ ਹਨ। ਵੇਖੋ ਨਾਲ ਦਿੱਤੀ ਤਸਵੀਰ ਕਿ ਕਿਵੇ 17 ਵੀ ਸਦੀ ਦੇ ਇਕ ਉੜੀਆ ਕਵੀ ਨੇ ਗੁਰੂ ਸਾਹਿਬ ਦਾ ਜਿਕਰ ਕੀਤਾ ਫਿਰ 1930 ਦੇ ਆਸ ਪਾਸ ਦੇ ਵੀ ਕਵੀ ਨੇ ਗੁਰੂ ਸਾਹਿਬ ਬਾਰੇ ਲਿਖਿਆ।

ਗੁਰੂ ਜੀ ਦੀ ਸੋਭਾ ਸੁਣ ਮਹੰਤ ਜਲ ਬਲ ਉੱਠਿਆ

ਸੋ ਮੇਦਿਨੀ ਪੁਰ ਤੋਂ ਚਲ ਗੁਰੂ ਸਾਹਿਬ ਦਾ ਟੀਚਾ ਕੱਟਕ ਪਹੁੰਚਣਾ ਸੀ ਜੋ ਕਿ ਉੜੀਸਾ (ਜਾਂ ਉਡੀਸਾ) ਰਾਜ ਦੀ ਰਾਜਧਾਨੀ ਸੀ। ਉਡੀਸਾ ਵਿੱਚ ਉਸ ਵੇਲੇ ਗਜਪਤੀ ਰਾਜਾ ਪ੍ਰਤਾਪ ਰੁਦਰ ਦੇਵ ਦਾ ਰਾਜ ਸੀ। ਧਿਆਨ ਰਹੇ ਗੁਰੂ ਸਾਹਿਬ ਦੇ ਸ਼ਰਧਾਲੂ ਅਲਾਉਦੀਨ ਹੁਸੈਨ ਸ਼ਾਹ ਦੇ ਜਰਨੈਲ ਇਸਮਾਈਲ ਗਾਜ਼ੀ ਨੇ 1509 ਈ. ਵਿਚ ਓੜੀਸਾ ਤੇ ਹਮਲਾ ਕੀਤਾ ਸੀ ਤੇ ਕੁਝ ਮੰਦਰ ਵੀ ਢਾਹੇ ਸੀ। ਸਾਲ ਪਹਿਲਾਂ ਹੀ ਉੜੀਸਾ ਵਿੱਚ ਬੜਾ ਭਿਆਨਕ



ਗੁਰਦੁਆਰਾ ਸ਼੍ਰੀ ਗੁਰੂ ਨਾਨਕ ਸੰਗਤ ਸਾਹਿਬ, ਪਿੰਡ ਸੰਗਤ(ਨਕਸ਼ਾ ਸੂਚਕ 21.045891, 86.519061) ਜਿਲਾ ਭਦਰਕ ਦੀ ਇਮਾਰਤ ਤੇ ਵੇਖੋ ਪੰਜਾਬੀ ਅੰਗਰੇਜੀ ਹਿੰਦੀ ਅਤੇ ਉੜੀਆ ਵਿਚ ਤਖਤੀਆਂ ਲੱਗੀਆਂ ਜਿੰਨਾਂ ਤੇ ਹੇਠ ਲਿਖੀ ਅਬਾਰਤ ਲਿਖੀ ਹੈ:

"ਸਿਖ ਧਰਮ ਕੇ ਬਾਨੀ ਤਥਾ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਦੇ ਸਮੇਂ .. ਭਦਰਕ ਦੇ ਪਿੰਡ ਸੰਗਤ ਵਿਚ ਇਸ ਜਗ੍ਹਾ ਤੇ ਰੁਕੇ ਸਨ ਅਤੇ ਕੁਝ ਦਿਨ ਸਾਧ ਸੰਗਤ ਕੀਤੀ ਸੀ। 18ਵੀ ਸਦੀ ਦੇ ਭਦਰਕ ਦੇ ਇਕ ਕਵੀ ਸ਼੍ਰੀ ਬੰਸ਼ੀ ਬੱਲਭ ਗੋਸਵਾਮੀ ਨੇ ਅਪਨੀ ਕਵਿਤਾ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਿਕਰ ਕੀਤਾ ਹੈ। 1930 ਦੇ ਇਕ ਉੜੀਆ ਲੇਖਕ ਸ਼ੀ ਰਾਜਾ ਬੱਲਭ ਮਹਾਂਤੀ ਨੇ ਅਪਨੀ ਓੜੀਆ ਕਵਿਤਾ ਭਦ੍ਰਕਾਲੀ ਜਣਾਣ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸੰਗਤ ਪਿੰਡ ਦਾ ਜਿਕਰ ਕੀਤਾ ਹੈ। ਇਹ ਜਗਾ ਓੜਿਸਾ ਦੇ ਰਿਵੈਨਿਯੂ ਡਿਪਾਰਟਮੈਂਟ ਵਿਚ 'ਨਾਨਕ ਡਿਹਾ' ਕੇ ਨਾਮ ਨਾਲ ਰੇਜਿਸ਼ਟਰਡ ਹੈ। ਸ਼੍ਰੀ ਗੁਰੂ ਨਾਨਕ ਜੀ ਨੇ ਨਿੰਮ ਦੇ ਜਿਸ ਪੇੜ ਥੱਲੇ ਬੈਠ ਕਰ ਸੰਗਤ ਕੀਤੀ ਸੀ ਉਸ ਦਾ ਇਕ ਹਿੱਸਾ ਤਖਤ ਸ਼੍ਰੀ ਹਰਮੰਦਰ ਸਾਹਿਬ, ਪਟਨਾ ਸਾਹਿਬ ਵਿਖੇ ਸੁਰੱਖਿਅਤ ਰਖਿਆ ਹੋਇਆ ਹੈ।"

ਪੈਰ ਸਫਾ

ਜੋ ਕਹਿੰਦੇ ਚਾਰ ਨਹੀ ਤਿੰਨ ਉਦਾਸੀਆਂ ਕੀਤੀਆਂ ਸਨ- ਨੂੰ ਜਵਾਬ:

### ਦੋ ਨਹੀ। ਤਿੰਨ ਉਦਾਸੀਆਂ 'ਚ ਗਾਹਿਆ ਸੀ ਹਿੰਦੁਸਤਾਨ। ਚੌਥੀ ਉਦਾਸੀ ਮੱਕੇ ਦੀ।

ਹਾਲਾਂ ਪੁਰਾਤਨ ਜਨਮ ਸਾਖੀ ਨੇ ਸਾਫ ਸਾਫ 4 ਉਦਾਸੀਆਂ ਦੀ ਗਲ ਕੀਤੀ ਹੈ ਪਰ ਕੁਝ ਅਜੋਕੇ ਸਿੱਖ ਇਤਹਾਸਕਾਰਾਂ ਨੇ ਕਿਹਾ ਕਿ ਗੁਰੂ ਨਾਨਕ ਦੀਆਂ ਚਾਰ ਨਹੀ ਤਿੰਨ ਉਦਾਸੀਆਂ ਸਨ। ਇਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਸਾਹਿਬ ਸੁਲਤਾਨਪੁਰ ਤੋਂ ਰਵਾਨਾ ਹੋ ਕੁਰਖੇਤਰ, ਦਿੱਲੀ, ਹਰਦੁਆਰ, ਯੂ.ਪੀ, ਬਿਹਾਰ, ਬੰਗਾਲ ਅਤੇ ਅਸਾਮ ਅਤੇ ਵਾਪਸੀ ਤੇ ਉੜੀਸਾ, ਆਂਧਰਾ, ਤਮਿਲਨਾਡੂ, ਲੰਕਾ, ਕਰਨਾਟਕ, ਕੇਰਲ, ਮਹਾਰਾਸ਼ਟਰ, ਛਤੀਸ਼ਗੜ, ਮੱਧ ਪ੍ਰਦੇਸ, ਗੁਜਰਾਤ, ਰਾਜਸਥਾਨ ਅਤੇ ਵਾਪਸੀ ਪੰਜਾਬ ਆਏ। ਸਾਡਾ ਕਹਿਣਾ ਹੈ ਕਿ ਗੁਰੂ ਸਾਹਿਬ ਪਹਿਲੀ ਉਦਾਸੀ ਵੇਲੇ ਉੜੀਸਾ ਤੋਂ ਵਾਪਸ ਪੰਜਾਬ ਆ ਗਏ ਸਨ ਅਤੇ ਦੁਬਾਰਾ ਰਵਾਨਾ ਹੋ ਕੇ ਸਮੁੰਦਰ ਤੱਟ ਦੇ ਨਾਲ ਨਾਲ ਪੈਂਦੇ ਇਲਾਕੇ ਦੇਖ ਕੇ ਸੰਗਲਾਦੀਪ (ਸ੍ਰੀ ਲੰਕਾ) ਪਹੁੰਚੇ ਸਨ। ਉਥੋ ਵਾਪਸੀ ਤੇ ਦੱਖਣੀ ਭਾਰਤ ਗਾਹਿਆ ਤੇ ਮੱਧ ਪ੍ਰਦੇਸ, ਰਾਜਸਥਾਨ ਦੇ ਰਹਿੰਦੇ ਇਲਾਕੇ ਗਾਹੇ। ਸਾਡੇ ਹਿਸਾਬ ਇਨਾਂ ਲਿਖਾਰੀਆਂ ਹੋਰ ਵੀ ਵੱਡੀ ਗਲਤੀ ਇਹ ਕੀਤੀ ਕਿ ਤੀਜੀ ਉਦਾਸੀ ਵੇਲੇ ਨੇਪਾਲ ਜਾਣਾ ਦੱਸਿਆ ਹੈ ਜਦੋਂ ਕਿ ਗੁਰੂ ਸਾਹਿਬ ਦੇ ਬਿਹਾਰ ਤੋਂ ਨੇਪਾਲ ਜਾਣ ਦੇ ਸਾਫ ਸਬੂਤ ਮਿਲਦੇ ਹਨ। ਫਿਰ ਕਈ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਪੂਰਬ ਵਿਚ ਸਿੰਘਾਪੁਰ ਅਤੇ ਪੱਛਮ ਵਿਚ ਰੋਮ ਤਕ ਜਾਣਾ ਲਿਖ ਦਿਤਾ ਹੈ। ਅਸੀ ਇਸ ਨੂੰ ਕਲਪਣਾ ਤੋਂ ਸਿਵਾਏ ਕੁਝ ਨਹੀ ਮੰਨਦੇ। ਸਾਡਾ ਕਹਿਣਾ ਹੈ ਕਿ ਸਾਹਿਬ ਪੂਰਬ ਵਿਚ ਮਿਆਮਾਰ ਬਰਮਾ ਦੇ ਆਵਾ ਤੇ ਬਾਗੋ ਸ਼ਹਿਰ ਤਕ ਗਏ ਅਤੇ ਪੱਛਮ ਵਿਚ ਬਗਦਾਦ ਤੋਂ ਪਰਤ ਆਏ। ਕਈ ਲਿਖਾਰੀਆਂ ਗੁਰੂ ਸਾਹਿਬ ਦਾ ਮਜਾਰ ਇ ਸ਼ਰੀਫ, ਬੁਖਾਰਾ, ਤਾਸ਼ਕੰਦ, ਸਮਰਕੰਦ ਆਦਿ ਜਾਣਾ ਲਿਖ ਦਿਤਾ ਹੈ ਜਿਸ ਨਾਲ ਅਸੀ ਸਹਿਮਤ ਨਹੀ।

ਜਗਨਨਾਥ ਪੁਰੀ ਤੋਂ ਪੰਜਾਬ ਪਰਤ ਆਏ ਸਨ।

1. ਗੁਰੂ ਸਾਹਿਬ ਦੀਆਂ ਕੁਲ ਚਾਰ ਉਦਾਸੀਆਂ (ਯਾਤਰਾਵਾਂ) ਹੋਣ ਬਾਰੇ ਪਰੰਪਰਾ (ਪਿਤਾ-ਪੁਰਖੀ ਰਵਾਇਤ) ਹੈ। ਪੁਰਾਤਨ ਜਨਮ ਸਾਖੀ ਨੇ ਵੀ ਸਾਫ ਸਾਫ ਚਾਰ ਦੱਸੀਆਂ ਹਨ। ਇਸ ਅਨੁਸਾਰ ਦੱਖਣ ਦੇਸ ਗੁਰੂ ਸਾਹਿਬ ਨੇ ਦੂਸਰੀ ਉਦਾਸੀ ਵੇਲੇ ਦੇਖਿਆ।

2. ਪਰ ਅਜੋਕੇ ਦੌਰ ਵਿੱਚ ਗੁਰੂ ਸਾਹਿਬ ਦੀ ਉਦਾਸੀਆਂ ਤੇ ਕੰਮ ਕਰਨ ਵਾਲੇ ਕਈ ਲਿਖਾਰੀਆਂ ਨੇ ਲਿਖਿਆ ਹੈ ਕਿ ਉਦਾਸੀਆਂ ਤਿੰਨ ਹੀ ਸਨ। ਓਨਾਂ ਦਾ ਕਹਿਣਾ ਹੈ ਕਿ ਪੂਰਬ ਤੇ ਦੱਖਣ ਭਾਰਤ ਦੀ ਉਦਾਸੀ ਇੱਕ ਹੀ ਸੀ।

ਉਦਾਸੀਆ ਤੇ ਸਾਡੇ ਹੱਥ ਜੋ ਪੁਸਤਕਾਂ ਲੱਗੀਆ ਹਨ ਉਹ ਇਹ ਹਨ (ੳ) ਗਿਆਨੀ ਗਿਆਨ ਸਿੰਘ, (ਅ). ਡਾ. ਤ੍ਰਿਲੋਚਨ ਸਿੰਘ, (ੲ). ਡਾ. ਸੁਰਿੰਦਰ ਸਿੰਘ ਕੋਹਲੀ, (ਸ). ਫੌਜਾ ਸਿੰਘ ਤੇ ਕਿਰਪਾਲ ਸਿੰਘ

ਦੱਖਣ ਪੂਰਬ ਦੀ ਇਕੋ ਉਦਾਸੀ ਕਹਿਣ ਵਾਲਿਆ ਦਾ ਖੰਡਨ

ਓਪਰੋਕਤ ਵਿੱਚੋਂ ਕ੍ਰਮਾਂਕ (ਅ) ਅਤੇ (ਸ) ਦਾ ਮੰਨਣਾ ਹੈ ਕਿ ਪੂਰਬ ਤੇ ਦੱਖਣ ਦੀ ਉਦਾਸੀ ਇੱਕ ਹੀ ਸੀ। ਉਹ ਲਿਖਦੇ ਹਨ ਕਿ ਇਹਦੇ ਵਿੱਚ ਕੀ ਤੁੱਕ ਹੋਈ ਕਿ ਪੁਰੀ ਤੋਂ ਗੁਰੂ ਸਾਹਿਬ ਹਜ਼ਾਰਾਂ ਕਿਲੋਮੀਟਰ ਦਾ ਸਫਰ ਕਰਕੇ ਪਹਿਲਾਂ ਪੰਜਾਬ ਆਉਣ ਤੇ ਫਿਰ ਲੰਕਾ ਜਾਣ?

(ਅ) ਦਾ ਮੰਨਣਾ ਹੈ ਕਿ ਬਾਲਾ ਸਾਖੀ ਪੂਰਬ ਤੇ ਦੱਖਣ ਦੀ ਇੱਕ ਹੀ ਉਦਾਸੀ ਮੰਨਦੀ ਹੈ।

ਸਾਡਾ ਸੋਚਣਾ ਹੈ (ਅ) ਦਾ ਅਜਿਹਾ ਸੋਚਣਾ ਗਲਤ ਹੈ ਕਿਉਕਿ ਬਾਲਾ ਤਾਂ ਟਰੈਕ (ਮਾਰਗ ਦੀ ਪੈੜ) ਦੀ ਰਤਾ ਪ੍ਰਵਾਹ ਨਹੀ ਕਰਦਾ। ਥਾਈਂ

ਪੈੜ ਅਗਲੇ ਸਫੇ ਤੇ ਚਲਦਾ ➡

ਕਾਲ ਵੀ ਪਿਆ ਸੀ।

**ਕਟਕ- ਮਹੰਤ ਗੁਰੂ ਸਾਹਿਬ ਨੂੰ ਕੁੱਟਣ ਚਲਾ ਆਇਆ-** ਇਸ ਤੋਂ ਕੁਝ ਸਮਾਂ ਬਾਦ (1511ਈ. ਦਾ ਮੱਧ) ਗੁਰੂ ਸਾਹਿਬ ਕਟਕ ਪਹੁੰਚੇ ਤੇ ਰਾਜੇ ਪ੍ਰਤਾਪ ਰੁਦ੍ਰ ਦੇਵ ਨੂੰ ਆਪਣਾ ਸਿੱਖ ਬਣਾ ਲਿਆ। ਪਹਿਲਾਂ ਰਾਜਾ ਕਾਲੀ ਮਾਤਾ ਦਾ ਭਗਤ ਸੀ ਤੇ ਵਾਮ ਮਾਰਗੀਆਂ ਦੇ ਅਸਰ ਹੇਠ ਸੀ। ਇਲਾਕੇ ਦੇ ਕੁਝ ਹੋਰ ਮਹੱਤਵਪੂਰਨ ਲੋਕ ਵੀ ਜਦੋਂ ਸਿੱਖ ਸੱਜ ਰਹੇ ਸਨ ਤਾਂ ਜਾਦੂ ਟੂਣੇ 'ਚ ਮਾਹਿਰ ਮਹੰਤ ਚੇਤਨ ਭਾਰਤੀ ਨੂੰ ਇਸ ਗਲ ਦਾ ਪਤਾ ਲੱਗਾ ਤਾਂ ਉਹ ਗੁਰੂ ਸਾਹਿਬ ਨਾਲ ਈਰਖਾ ਕਰਨ ਲੱਗਾ। ਉਸ ਨੇ ਆਪਣੇ ਜੰਤਰ ਮੰਤਰ ਰਾਂਹੀ ਗੁਰੂ ਸਾਹਿਬ ਤੇ ਹਮਲਾ

ਪੈੜ ਸਤਾ

ਥਾਈਂ ਉਸ ਨੇ ਲਿਖਿਆ ਹੈ "ਇਥੋਂ ਫਿਰ ਗੁਰੂ ਸਾਹਿਬ ਨੇ ਉਡਾਰੀ ਲਈ"। ਮਿਸਾਲ ਦੇ ਤੌਰ ਤੇ ਬਾਲੇ ਨੇ ਤਾਂ ਝੰਡੇ ਬਾਡੀ ਵਾਲੀ ਪੂਰਬ ਦੀ ਸਾਖੀ ਨੂੰ, ਮੱਕੇ ਦੀ ਯਾਤਰਾ ਨਾਲ ਹੀ ਵਿਖਾ ਦਿੱਤਾ ਹੈ। ਸਾਡਾ ਕਹਿਣ ਤੋਂ ਭਾਵ ਕਿ ਰੂਟ ਟਰੈਕਿੰਗ ਦੇ ਮਸਲੇ ਤੇ ਆਪਾਂ ਬਾਲੇ ਤੇ ਨਿਰਭਰ ਨਹੀ ਕਰ ਸਕਦੇ।

ਬਾਕੀ ਪੁਰੀ ਤੋਂ ਤਲਵੰਡੀ ਦਾ ਸਫਰ ਲੱਗ ਪਗ ਓਨਾਂ ਹੀ ਹੈ, ਜਿੰਨਾ ਪੁਰੀ ਤੋਂ ਕੋਲੰਬੋ (ਕੋਟੇ)। (ਹਾਂ ਪੰਜਾਬੋ ਲੰਕਾ ਪਹੁੰਚਣ ਵਿੱਚ ਫਿਰ 4000 ਕਿਲੋਮੀਟਰ ਦਾ ਵੱਖਰਾ ਸਫਰ ਸੀ। ਪਰ ਉਹ ਤਾਂ ਗੁਰੂ ਸਾਹਿਬ ਨੇ ਹਰ ਹਾਲਤ ਵਿੱਚ ਕਰਨਾ ਹੀ ਸੀ) ਨਾਲੇ ਰਵਾਇਤ ਹੈ ਤੇ ਜਨਮ ਸਾਖੀਆਂ ਵਿਚ ਅਤੇ ਬਾਰ ਬਾਰ ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਯਾਤਰਾ ਤਿਆਗ ਬੇਬੇ ਨਾਨਕੀ ਨੂੰ ਮਿਲਣ ਆ ਜਾਂਦੇ ਸਨ। ਫਿਰ ਇਹ ਸਬੂਤ ਵੀ ਮਿਲਦਾ ਹੈ ਕਿ ਬਿਸੀਅਰ ਦੇਸ ਦੀ ਯਾਤਰਾ ਮੌਕੇ ਮਰਦਾਨਾ ਅੱਕ ਗਇਆ ਸੀ ਤੇ ਪੰਜਾਬ ਜਾਣ ਦੀ ਬਾਰ ਬਾਰ ਜਿੱਦ ਕਰ ਰਿਹਾ ਸੀ। ਇੱਕ ਦੋ ਵਾਰੀ ਇਕੱਲਾ ਵੀ ਰਵਾਨਾ ਹੋ ਪਇਆ ਸੀ। ਜਦੋਂ ਫਿਰ ਕੌਡੇ ਰਾਖਸ਼ ਕੋਲ ਫਸਦਾ ਹੈ।

ਓਹਨੀ ਦਿਨੀ ਫਿਰ ਓੜੀਸਾ ਤੇ ਨਾਲ ਲੱਗਦੇ ਇਲਾਕਿਆਂ ਵਿੱਚ ਰਾਜਨੀਤਕ ਹਾਲਾਤ ਵੀ ਖਰਾਬ ਹੋ ਚੁੱਕੇ ਸਨ। ਉੜੀਸਾ ਤੇ ਹਮਲਾ ਹੋ ਗਇਆ ਸੀ। ਲੜਾਈਆਂ ਦੇ ਦੌਰਾਨ ਰਾਜੇ ਮਹਾਰਾਜੇ ਚਕ੍ਰਵਰਤੀ ਸਾਧੂਆਂ ਨੂੰ ਵੀ ਵਰਤ ਜਾਂਦੇ ਸਨ। ਜਸੂਸੀ ਦੇ ਸ਼ੱਕ 'ਚ ਕਈ ਮਾਰੇ ਵੀ ਜਾਂਦੇ ਸਨ। ਹੋ ਸਕਦਾ ਗੁਰੂ ਸਾਹਿਬ ਦਾ ਦੱਖਣ ਦਿਸ਼ਾ ਵਲ ਉਦਾਸੀ ਜਾਰੀ ਨਾਂ ਰੱਖਣ ਦਾ ਇਹ ਵੀ ਕਾਰਨ ਹੋਵੇ।

ਫਿਰ (ਸ) ਅਤੇ (ਅ) ਦਾ ਕਹਿਣਾ ਹੈ ਕਿ ਸੋਢੀ ਮਿਹਰਬਾਨ ਤੇ ਭਾਈ ਮਨੀ ਸਿੰਘ ਨੇ ਵੀ ਮੰਨਿਆ ਹੈ ਕਿ ਦੱਖਣ ਤੇ ਪੂਰਬ ਦੀ ਯਾਤਰਾ ਇੱਕ ਹੀ ਸੀ ਭਾਵ ਪਹਿਲੀ ਉਦਾਸੀ ਵਿੱਚ ਹੀ ਉਨਾਂ ਦੀ ਦੱਖਣ ਦੀ ਸੈਰ ਨਿਪਟਾਈ।

ਉਂਜ (ਅ) ਦੂਸਰੀ ਥਾਂ ਆਪੇ ਇਹ ਗਲ ਮੰਨਦਾ ਹੈ ਸੋਢੀ ਮਿਹਰਬਾਨ ਭਰੋਸੇਯੋਗ ਨਹੀ ਅਖੇ ਉਹ ਇਸ ਬਾਬਤ ਇੱਕ ਥਾਂ ਲਿਖਦਾ ਹੈ ਕਿ ਪੂਰਬ-ਦੱਖਣ ਦੀ ਉਦਾਸੀ ਇੱਕ ਹੀ ਪਰ ਦੂਸਰੀ ਥਾਂ ਲਿਖਦਾ ਹੈ ਕਿ ਗੁਰੂ ਸਾਹਿਬ ਇੱਕ ਵੇਰਾਂ ਪਰਤ ਆਏ ਤੇ ਦੱਖਣ ਦੀ ਉਦਾਸੀ ਲਈ ਦੁਬਾਰਾ ਰਵਾਨਾ ਹੋਏ। (ਸੋ ਸਾਨੂੰ ਖੰਡਨ ਕਰਨ ਦੀ ਜਰੂਰਤ ਹੀ ਨਹੀ ਰਹਿ ਜਾਂਦੀ)

ਜਿਥੋਂ ਤੱਕ ਭਾਈ ਮਨੀ ਸਿੰਘ ਦਾ ਸਬੰਧ ਹੈ ਉਹ ਵੀ ਯਾਤਰਾ ਦੀ ਤਰਤੀਬ ਦੀ ਮਰਯਾਦਾ ਨਹੀ ਪਾਲਦੇ। ਉਹ ਮਰਦਾਨੇ ਨੂੰ ਛੱਤ੍ਰਾ ਬਣਾਉਣ ਵਾਲੀ ਸਾਖੀ ਜਗਨਾਥ ਪੁਰੀ ਦੀ ਯਾਤਰਾ ਤੋਂ ਬਾਦ ਦਿੰਦੇ ਹਨ। ਫਿਰ ਪਟਨੇ ਲਾਗਲੀ 'ਲਾਲ ਲੱਭਣ ਤੇ ਜੌਹਰੀ ਕੋਲ ਵੇਚਣ ਵਾਲੀ ਸਾਖੀ' ਉਹ ਬੀਕਾਨੇਰ ਵਿੱਚਲੀਆਂ ਸਾਖੀਆਂ ਨਾਲ ਦਿੰਦੇ ਨੇ।

ਫਿਰ ਭਾਈ ਗੁਰਦਾਸ ਦੀਆਂ ਹੇਠ ਦਿੱਤੀਆਂ ਸਤਰਾਂ ਤੋਂ ਤੁਸੀ ਸਾਫ ਅੰਦਾਜ਼ਾ ਨਹੀ ਲਾ ਸਕਦੇ ਕਿ ਦੱਖਣ ਤੇ ਪੂਰਬ ਦੀ ਉਦਾਸੀ ਇੱਕ ਸੀ:-

ਬਾਬਾ ਆਇਆ ਤੀਰਥੀਂ ਤੀਰਥ ਪੁਰਬ ਸਭੇ ਫਿਰ ਦੇਖੈ॥
ਪੂਰਬ ਧਰਮ ਬਹੁ ਕਰਮ ਕਰ ਭਾਉ ਭਗਤਿ ਬਿਨ ਕਿਤੇ ਨ ਲੇਖੈ॥
ਭਾਉ ਨ ਬ੍ਰਹਮੇ ਲਿਖਿਆ ਚਾਰ ਬੇਦ ਸਿੰਮ੍ਰਿਤਿ ਪੜ੍ਹ ਦੇਖੈ॥
ਢੂੰਡੀ ਸਗਲੀ ਪਿਰਥਮੀ ਸਤਿਜੁਗ ਆਦਿ ਦੁਐਪਰ ਤ੍ਰੇਤੈ॥
ਕਲਿਜੁਗ ਧੁੰਧੂਕਾਰ ਹੈ ਭਰਮ ਭੁਲਾਈ ਬਹੁ ਬਿਧਿ ਭੇਖੈ॥
ਭੇਖੀਂ ਪ੍ਰਭੂ ਨ ਪਾਈਐ ਆਪ ਗਵਾਏ ਰੂਪ ਨ ਰੇਖੈ॥
ਗੁਰਮੁਖ ਵਰਨ ਅਵਰਨ ਹੋਇ ਨਿਵ ਚਲੈ ਗੁਰਸਿਖ ਵਿਸੇਖੈ॥
ਤਾਂ ਕੁਛ ਘਾਲ ਪਵੈ ਦਰ ਲੇਖੈ ॥

ਫਿਰ ਦੇਖੋ ਡਾ. ਤ੍ਰਿਲੋਚਨ ਸਿੰਘ ਜੀ ਭਾਈ ਗੁਰਦਾਸ ਦੀਆਂ ਉਕਤ ਅਸਪੱਸ਼ਟ ਸਤਰਾਂ ਤੋਂ ਅੰਦਾਜ਼ਾ ਲਾਉਦੇ ਹਨ ਭਾਰਤ ਵਿਚਲੀ ਉਦਾਸੀ ਇੱਕ ਸੀ ਤੇ ਦੂਸਰੇ ਪਾਸੇ ਜਦੋਂ ਪੁਰਾਤਨ ਜਨਮ ਸਾਖੀ ਜਦੋਂ ਸਾਫ ਸਾਫ ਦੱਖਣ ਦੀ ਉਦਾਸੀ ਵੱਖਰੀ ਲਿਖ ਰਹੀ ਹੈ, "ਦੁਤੀਆ ਉਦਾਸੀ ਕੀਤੀ ਦੱਖਣ ਕੀ ..." ਇਹਨਾਂ ਸਤਰਾਂ ਨੂੰ ਨਜਰਅੰਦਾਜ਼ ਕਰਕੇ ਪੁਰਾਤਨ ਨੂੰ ਵੀ ਆਪਣੇ ਪੱਖ ਵਿੱਚ ਮੰਨ ਰਹੇ ਹਨ।

ਡਾਕਟਰ ਸਾਹਿਬ ਇੱਕ ਦੂਰੀ ਨੂੰ ਲੈ ਕੇ ਬਹਿ ਨਹੀ ਸਕਦੇ ਕਿ ਗੁਰੂ ਸਾਹਿਬ ਦੂਣਾ ਸਫਰ ਕਿਓ ਕਰਨਗੇ? ਇਸ ਸੱਚ ਨੂੰ ਨਜਰਅੰਦਾਜ਼ ਕਰਦੇ ਹਨ ਕਿ ਜਿਹੜੇ ਅਸਥਾਨ ਗੁਰੂ ਸਾਹਿਬ ਨੇ ਪੁਰੀ ਤੋਂ ਸੁਲਤਾਨਪੁਰ ਨੂੰ ਪਰਤਦਿਆਂ ਗਾਹੇ ਉਹ ਤਾਂ ਹਰ ਹਾਲਤ ਵਿਚ ਉਹਨਾਂ ਨੇ ਵੇਖਣੇ ਹੀ ਸਨ। ਸਵਾਲ ਇਹ ਹੈ ਕਿ ਕੀ ਗੁਰੂ ਸਾਹਿਬ ਨੂੰ ਕੁਝ ਸਥਾਨਾਂ ਤੇ ਦੋ ਵਾਰੀ ਜਾਣਾ ਪਇਆ? ਪਰ ਅਜਿਹਾ ਨਹੀ ਕੀਤਾ ਗੁਰੂ ਸਾਹਿਬ ਨੇ।

ਹੁਣ ਸਵਾਲ ਉਠਦਾ ਹੈ ਕਿ ਜਦੋਂ ਦੋਹਰ ਪਾਉਣ ਦੀਆਂ ਸਾਡੇ ਕੋਲ ਮਿਸਾਲਾਂ ਹੈ ਹੀ ਨਹੀ ਤਾਂ ਫਿਰ ਅਸੀ ਰਵਾਇਤ ਨੂੰ ਕਿਓ ਰੱਦ ਕਰ ਰਹੇ ਹਾਂ? ਇਤਹਾਸ ਦੀ ਸਾਇੰਸ ਦਾ ਅਸੂਲ ਹੈ ਕਿ "ਪ੍ਰੰਪਰਾ ਨੂੰ ਹਮੇਸ਼ਾਂ ਸੱਚ ਮੰਨੋ ਜਿੰਨਾ ਚਿਰ ਤਕ ਉਹਨੂੰ ਝੂਠ ਨਾਂ ਸਾਬਤ ਕਰ ਸਕੋ?"

ਜਨਮ ਸਾਖੀਆਂ ਵਾਲਿਆਂ ਸਾਖੀਆਂ ਸਾਂਭ ਕੇ ਮਹਾਨ ਸੇਵਾ ਕੀਤੀ ਹੈ ਪਰ ਸਾਫ ਲੱਗਦਾ ਹੈ ਲਿਖਣ ਵੇਲੇ ਉਹਨਾਂ ਕੋਲ ਭੂਗੋਲਿਕ ਗਿਆਨ ਤੇ ਨਕਸ਼ਿਆਂ ਦੀ ਅਣਹੋਂਦ ਸੀ। ਸਾਨੂੰ ਕੋਈ ਹੈਰਾਨੀ ਨਹੀ ਹੁੰਦੀ ਜਦੋਂ ਅਸੀ ਦੇਖਦੇ ਹਾਂ ਕਿ ਸੋਢੀ ਮਿਹਰਬਾਨ ਨੂੰ ਇਹ ਨਹੀ ਪਤਾ ਹੁੰਦਾ ਕਿ ਜਗਨ ਨਾਥ ਪੁਰੀ ਅਯੁਧਿਆ ਦੇ ਮੁਕਾਬਲੇ ਬਨਾਰਸ ਤੋਂ ਨੇੜੇ ਹੈ। ਇਸ ਯੁਗ ਵਿੱਚ ਅਸੀ ਜਿਆਦਾ ਖੁਸ਼ਕਿਸਮਤ ਹਾਂ ਕਿਉਕਿ ਸਾਡੇ ਇੱਕ ਪੋਟੇ (ਕਲਿਕ) ਤੇ ਦੁਨੀਆਂ ਦਾ ਕੋਈ ਵੀ ਨਕਸ਼ਾ ਸਾਡੇ ਸਾਹਮਣੇ ਹੁੰਦਾ ਹੈ।

ਅੱਜ ਸਾਡੇ ਕੋਲ ਸਭ ਤੋਂ ਵੱਡਾ ਸਬੂਤ ਹੈ ਮੈਪਿੰਗ (ਨਕਸ਼ਾ ਨਿਗਾਹ)। ਹਾਲਾਂ ਸਾਡੇ ਤੋਂ ਪਹਿਲਾਂ ਇਹ ਕੰਮ ਅਸੰਭਵ ਤਾਂ ਨਹੀ ਸੀ ਪਰ ਉਸ ਵਿਚ ਅਥਾਹ ਮਿਹਨਤ ਸੀ। ਖੁਸ਼ਕਿਸਮਤੀ ਨਾਲ ਕੰਪਿਊਟਰ ਨੇ ਮੈਪਿੰਗ ਨੂੰ ਬਹੁਤ ਅਸਾਨ ਬਣਾ ਦਿੱਤਾ ਹੈ। ਖਾਸ ਕਰਕੇ ਗੂਗਲ ਮੈਪ ਨੇ ਤਾਂ ਇਹ ਕੰਮ ਆਟੋਮੈਟਿਕ ਹੀ ਕਰ ਦਿੱਤਾ ਹੈ। ਮੈਪਿੰਗ ਤੋਂ ਗੁਰੂ ਸਾਹਿਬ ਦੀਆਂ ਯਾਤਰਾਵਾਂ ਦੇ ਸਾਫ ਸਾਫ 4 ਟ੍ਰੈਕ ਜਾਂ ਪੈਟਰਨ ਉਭਰਦੇ ਹਨ।

ਜਨਮਸਾਖੀਆਂ ਤੇ ਇਤਹਾਸਕਾਰਾਂ ਨੇ ਜਿੱਥੇ ਜਿੱਥੇ ਗੁਰੂ ਸਾਹਿਬ ਦਾ ਜਾਣਾ ਲਿਖਿਆ ਹੈ ਅਸਾਂ ਉਹ ਸਥਾਨ ਨਕਸ਼ੇ ਤੇ ਭਰੇ। ਫਿਰ ਦ੍ਰਿਸ਼ (ਵਿਊ) ਨੂੰ ਘੱਟ ਵਧ ਕਰਕੇ ਜਦੋਂ ਵੇਖਿਆ ਤਾਂ ਬੜੇ ਹੀ ਸਪੱਸ਼ਟ ਤੌਰ (ਜੀ ਹਾਂ ਸਾਫ ਸਾਫ) ਗੁਰੂ ਸਾਹਿਬ ਦੀ ਭਾਰਤ ਯਾਤਰਾ ਦੇ 4 ਟਰੈਕ ਬਣਦੇ ਨਜਰ ਆਉਦੇ ਹਨ। ਚੌਥਾ ਟ੍ਰੈਕ ਸਮੁੰਦਰ ਤੱਟ ਦੇ ਨਾਲ ਨਾਲ ਬਹੁਤ ਹੀ ਸਾਫ ਤੇ ਵੱਖਰਾ ਹੈ।

(ਵੇਖੋ ਗੁਰੂ ਨਾਨਕ ਟਰੈਵਲ ਗੂਗਲ ਮੈਪ ਲਿੰਕ ਸਫਾ 5 ਤੇ)

ਸੋ ਜਿਹੜੇ ਵਿਦਵਾਨ ਪੂਰਬ ਤੇ ਦੱਖਣ ਦੀ ਉਦਾਸੀ ਨੂੰ ਇੱਕ ਮੰਨਦੇ ਹਨ, ਗੂਗਲ ਮੈਪਿੰਗ ਰਾਂਹੀ ਉਹ ਗਲਤ ਸਾਬਤ ਹੋ ਜਾਂਦੇ ਹਨ।

ਅਰਬ ਸਾਗਰ ਤੱਟ ਦੇ ਨਾਲ ਨਾਲ ਉਦਾਸੀ ਵਾਪਸੀ ਵੇਲੇ ਨਹੀ ਸਗੋਂ ਲੰਕਾ ਜਾਣ ਵੇਲੇ ਦੀ ਹੈ।

ਬਾਕੀ ਜਿਵੇ ਕਿ ਉਤੇ ਦੱਸਿਆ ਹੈ ਕ੍ਰਮਾਂਕ (ੳ) ਤੇ (ੲ) ਤਾਂ ਮੰਨਦੇ ਹੀ ਹਨ ਕਿ ਇਹ ਦੋ ਉਦਾਸੀਆਂ ਸਨ। ਪਰ ਇਹ ਦੂਸਰੀ ਉਦਾਸੀ 'ਚ ਬਾਬੇ ਦੀ ਸੁਲਤਾਨਪੁਰੋ ਰਵਾਨਗੀ ਫਿਰ ਮਾਲਵਾ (ਬਠਿੰਡਾ) ਸਿਰਸਾ, ਬੀਕਾਨੇਰ,ਮਾਰਵਾੜ, ਜੈਸਲਮੇਰ, ਉਦੇਪੁਰ, ਚਿਤੌੜ, ਸਰੋਹੀ, ਉਜੈਨ, ਉਕਾਰੇਸ਼ਵਰ, ਬੁਰਹਾਨਪੁਰ, ਨੰਦੇੜ, ਬਿਦਰ, ਗੋਲਕੁੰਡਾ, ਕਰਨੂਲ, ਅਨੰਤਪੁਰ, ਤਿਰੂਪਤੀ, ਪਾਂਡੀਚਰੀ ਅਤੇ ਲੰਕਾ (ਟਰੈਕ ੳ) ਪਹੁੰਚਣਾ।

ਅਤੇ ਵਾਪਸੀ- ਨਾਗਾਪੱਟੀਨਮ, ਥੁਥੂਕੁਡੀ (ਟੁਟੀਕਰਨ) ਕੋਜ਼ੀਕੋਡ (ਕਾਲੀਕਟ) ਪੱਦਮਨਾਭਾਪੁਰਮ, ਕੋਚੀਨ, ਬੰਗਲੌਰ, ਗੋਦਾਵਰੀ, ਸ਼੍ਰਿੰਗੇਰੀ, ਗੋਆ, ਬੰਬੇ, ਭੜੌਚ, ਬੜੋਦਾ, ਅਹਿਮਦਾਬਾਦ, ਜੂਨਾਗੜ੍ਹ, ਸੋਮਨਾਥ, ਦਵਾਰਕਾ, ਕੱਛ, ਮੁਲਤਾਨ, ਤੁਲੰਭਾ (ਸੱਜਣ ਠੱਗ), ਮੁਲਤਾਨ (ਟਰੈਕ ਅ)

ਸਾਡਾ ਗਿਆਨੀ ਜੀ ਤੇ ਡਾ. ਕੋਹਲੀ ਨਾਲ ਕਿਥੇ ਮਤਭੇਦ ਹੈ?

ਜਿਵੇ ਗਿਆਨੀ ਜੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਜਗਨ ਨਾਥ ਪੁਰੀ ਤੋਂ ਸਿਧੇ ਹੀ ਪੰਜਾਬ ਨੂੰ ਹੋ ਤੁਰੇ ਸਨ ਇਸ ਮਸਲੇ ਤੇ ਅਸੀ ਗਿਆਨੀ ਜੀ ਦੇ ਅਨੁਆਈ ਹਾਂ।

ਅੱਗੇ ਗਿਆਨੀ ਜੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਖੁਸ਼ਕ ਭਾਵ (ਟਰੈਕ ੳ) ਰਸਤੇ ਲੰਕਾ ਨੂੰ ਗਏ ਤੇ ਵਾਪਸੀ (ਟਰੈਕ ਅ) ਰਾਂਹੀ।

ਅਸੀ ਇਸ ਤੋਂ ਐਨ ਉਲਟ ਸੋਚਦੇ ਹਾਂ। ਅਸੀ ਕਹਿੰਨੇ ਆ ਕਿ ਗੁਰੂ ਸਾਹਿਬ ਤਲਵੰਡੀ ਤੋਂ ਪਹਿਲਾਂ ਸਿੱਧੇ ਲੰਕਾ ਗਏ ਉਹ ਵੀ ਸਮੁੰਦਰੀ ਰਸਤੇ ਤੇ ਵਾਪਸੀ ਖੁਸ਼ਕ ਰਸਤੇ (ਟਰੈਕ ੳ) ਰਾਂਹੀ।

ਦਰ ਅਸਲ ਸਾਡੇ ਅਧਿਐਨ ਨੂੰ ਉਂਜ ਤਾਂ ਅਧਾਰ ਤੇ ਉਤਸ਼ਾਹ ਇਨਾਂ ਇਤਹਾਸਕਾਰਾਂ ਦੀ ਲਿਖਤਾਂ ਤੋਂ ਹੀ ਮਿਲਦਾ ਹੈ ਪਰ ਹੇਠ ਲਿਖੇ ਕਾਰਨਾਂ ਕਰਕੇ ਅਸੀ ਇਨਾਂ ਵਿਦਵਾਨਾਂ ਨਾਲ ਸਹਿਮਤ ਨਹੀ ਹੋ ਪਾਏ:

ਹਾਲਾਂ ਸਾਡੇ ਇਸ ਅਧਿਐਨ ਦੌਰਾਨ ਮੁਸ਼ਕਲਾਂ ਆਈਆਂ ਕਿਉਕਿ ਡਾ. ਕੋਹਲੀ ਦੇ ਦੱਸੇ ਯਾਤਰਾ ਦੇ ਅਸਥਾਨਾਂ ਦਾ ਦੋਵਾਂ ਟਰੈਕਾਂ ਵਿੱਚ ਰਲ ਗੱਡ ਹੁੰਦਾ ਨਜਰ ਆਇਆ। ਫਿਰ ਗਹੁੰ ਨਾਲ ਵਾਚਣ ਤੇ ਪਤਾ ਲੱਗਾ ਕਿ ਸਤਿਕਾਰਤ ਵਿਦਵਾਨ ਕੋਹਲੀ ਨੇ ਰੂਟ ਟ੍ਰੈਕਿੰਗ ਲਾਪਰਵਾਈ ਨਾਲ ਕੀਤੀ ਹੈ। ਉਹਦੇ ਕੁਝ ਇਹ ਉਦਾਹਰਣ ਇਹ ਹਨ:-

ੳ. ਗੁਰੂ ਸਾਹਿਬ ਦਾ ਮੁੰਬਈ ਜਾਣਾ ਕੋਹਲੀ ਦੋ ਵਾਰ ਦਿਖਾਉਦਾ ਹੈ। ਜਾਣ ਵੇਲੇ ਤੇ ਵਾਪਸੀ ਵੇਲੇ ਵੀ। ਇਹੋ ਹਾਲ ਪੂਨੇ ਦਾ ਹੈ।

ਅ. ਮੈਂਗਲੂਰੂ (ਮੈਂਗਲੌਰ- ਕਰਨਾਟਕ) ਨੂੰ ਉਹ

ਪੈੜ ਅਗਲੇ ਸਫੇ ਤੇ **ਚਲਦਾ** ➡

ਕਰਨਾਂ ਚਾਹਿਆ ਪਰ ਨਾਕਾਮ ਰਿਹਾ।

ਫਿਰ ਇਕ ਦਿਨ ਖੁੱਦ ਹੀ ਡੰਡਾ ਫੜ੍ਹ ਕੇ ਗੁਰੂ ਸਾਹਿਬ ਨੂੰ ਮਾਰਨ ਦੇ ਇਰਾਦੇ ਨਾਲ ਜਦੋਂ ਗੁਰੂ ਸਾਹਿਬ ਦੇ ਡੇਰੇ ਆਇਆ ਤਾਂ ਅੱਗੋਂ ਗੁਰੂ ਸਾਹਿਬ ਤੇ ਮਰਦਾਨਾ ਕੀਰਤਨ ਕਰ ਰਹੇ ਸਨ। ਚੇਤਨ ਭਾਰਤੀ ਦਾ ਹੱਥ ਗੁਰੂ ਸਾਹਿਬ ਨੂੰ ਡੰਡਾ ਮਾਰਨ ਤੋਂ ਜਵਾਬ ਦੇ ਗਇਆ। ਹੱਥ ਉਠੇ ਹੀ ਨਾ। ਅੱਗੋ ਗੁਰੂ ਸਾਹਿਬ ਨੇ ਪ੍ਰੇਮ ਅਤੇ ਸਨੇਹ ਤੇ ਅਜਿਹੇ ਲਫਜ਼ ਬੋਲੇ ਕੇ ਮਹੰਤ ਦੀ ਸਾਰੀ ਨਫਰਤ ਤੇ ਈਰਖਾ ਹਰਨ ਹੋ



ਗੁਰਦੁਆਰਾ ਦਾਤਨ ਸਾਹਿਬ ਜਾ ਗੁਰਦੁਆਰਾ ਕਾਲੀਆਬੋਧਾ, ਕੱਟਕ

ਗਈ। ਬੁੜਬੜਾਉਂਦਾ ਹੋਇਆ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ। ਹੌਲੀ ਹੌਲੀ ਗੁਰੂ ਸਾਹਿਬ ਦਾ ਸ਼ਰਧਾਵਾਨ ਸੇਵਕ ਹੀ ਬਣ ਗਿਆ।

ਕੱਟਕ ਵਿਖੇ ਜਿੱਥੇ ਗੁਰੂ ਸਾਹਿਬ ਨੇ ਦਾਤਨ ਕਰਕੇ ਬਾਕੀ ਦੀ ਟਹਿਣੀ ਜਮੀਨ ਵਿੱਚ ਗੱਡੀ ਸੀ ਉਹ ਵਕਤ ਪਾ ਕੇ ਵਿਸ਼ਾਲ ਰੁੱਖ ਦਾ ਰੂਪ ਧਾਰਨ ਕਰ ਗਈ। ਇਹ ਰੁੱਖ ਕੋਈ 400 ਕੁ ਸਾਲ ਜੀਵਿਆ ਤੇ ਬਾਦ ਵਿੱਚ ਡਿੱਗ ਪਿਆ। ਸ਼ਰਧਾਲੂਆਂ ਨੇ ਉਹਦਾ ਤਣਾ ਸਾਂਭਿਆ ਹੋਇਆ ਹੈ ਤੇ ਉਸ ਰੁੱਖ ਦੇ ਬੀਅ ਤੋਂ ਇੱਕ ਹੋਰ ਰੁੱਖ

ਪੈੜ ਸਫਾ

ਜਾਣ ਵੇਲੇ ਟਰੈਕ (ਟਰੈਕ ੳ) ਵਿੱਚ ਵਿਖਾਉਂਦਾ ਹੈ। ਫਿਰ ਬਿਨਾਂ ਕਿਸੇ ਠੋਸ ਅਧਾਰ ਤੇ ਗੁਰੂ ਸਾਹਿਬ ਦਾ ਰਾਮਾਗਿਰੀ (ਆਂਧਰ ਪ੍ਰਦੇਸ਼) ਸ੍ਰੀਰੰਗਪਟਨਮ (ਟਿਪੂ ਸੁਲਤਾਨ ਦੇ ਸ਼ਹਿਰ) ਵਿਖੇ ਜਾਣਾ।

ਸ. ਡਾ. ਕੋਹਲੀ ਹੁਰਾਂ ਦਾ (ਟਰੈਕ ਅ) ਵਿੱਚ ਮੁਲਤਾਨ, ਸ਼ੇਖੂਪੁਰਾ, ਕਮਾਲੀਆ ਆਦਿ ਦਾ ਸ਼ਾਮਲ ਕਰਨਾਂ ਭੁਗੋਲਿਕ ਤੌਰ ਤੇ ਵੈਸੇ ਹੀ ਗਲਤ ਹੈ।

ਕੋਹਲੀ ਦੇ ਕੰਮ ਨੂੰ ਹੋਰ ਗਹੁੰ ਨਾਲ ਵਾਚਣ ਤੇ ਪਤਾ ਲੱਗਾ ਕਿ ਉਹਨਾਂ ਨੇ ਇਹ ਕੰਮ ਕਾਹਲ ਨਾਲ ਕੀਤਾ ਹੈ ਤੇ ਸ਼ੁਰੂ ਵਿੱਚ ਹੀ ਇਹ ਬਿਆਨ ਦਿੱਤਾ ਹੈ ਕਿ ਉਹ ਇਸ ਸਬੰਧ ਵਿੱਚ ਕਿਸੇ ਖੋਜ ਦਾ ਦਾਵਾ ਨਹੀ ਕਰਦੇ ਤੇ ਸਿਰਫ ਉਨਾਂ ਜਨਮ ਸਾਖੀਆਂ ਦੇ ਦੱਸੇ ਸਥਾਨਾਂ ਨੂੰ ਜੋੜਨ ਤੇ ਪਛਾਨਣ ਦੀ ਕੋਸ਼ਿਸ਼ ਕੀਤੀ ਹੈ। ਨੇੜਿਓ ਹੋ ਕੇ ਵੇਖਣ ਤੇ ਪਤਾ ਲੱਗਦਾ ਹੈ ਕਿ ਉਨਾਂ ਟਰੈਕਿੰਗ ਦੇ ਮਾਮਲੇ ਵਿੱਚ ਹੂਬ ਹੂ ਗਿਆਨੀ ਜੀ ਦੀ ਲਿਖਤ ਹੀ ਵਰਤੀ ਹੈ।

(ਕੁਝ ਵੀ ਹੋਵੇ ਜੋ ਇਨਾਂ ਵਿਦਵਾਨਾਂ ਨੇ ਕੰਮ ਕੀਤਾ ਹੈ ਹਾਲਾਂ ਉਸ ਤੇ ਸੀਸ ਝੁਕਦਾ ਹੈ।)

ਹੋਰ ਦੇਖੋ:

1. ਜਗਨ ਨਾਥ ਪੁਰੀ ਵਿਖੇ ਭਾਈ ਮਰਦਾਨੇ ਦੀ ਵਾਪਸ ਪਰਤਣ ਦੀ ਜਿੱਦ ਅਤੇ ਮਰਦਾਨੇ ਨੂੰ ਮਨਸੁੱਖ ਬਾਣੀਏ ਵਾਲੀ ਗਲ ਯਾਦ ਕਰਾਉਣੀ ਤੇ ਲੰਕਾ ਜਾਣ ਨੂੰ ਨਿਸ਼ਾਨਾ ਬਣਾਉਣਾ ਤੇ ਅਹਿਮੀਅਤ ਦੇਣਾ।

2. (ਟਰੈਕ ੳ) (ਟਰੈਕ ਅ) ਦੇ ਮੁਕਾਬਲੇ ਘੱਟ ਸਮਾਂ ਲੈਣ ਵਾਲਾ ਹੁੰਦਾ ਹੈ।

3. ਦੂਰ ਦੱਖਣ ਤੋਂ ਸੰਗਤਾਂ ਸਿੱਖੀ ਦੇ ਧੁਰੇ (ਗੋਇੰਦਵਾਲ, ਖਡੂਰ, ਅੰਮ੍ਰਿਤਸਰ, ਕਰਤਾਰਪੁਰ (ਦੁਆਬਾ) ਘੱਟ ਆਉਦੀਆਂ ਹੋਣਗੀਆਂ। ਪਰ ਨੇੜੇ ਦੇ ਇਲਾਕਿਆਂ ਕੁਰੂਖੇਤਰ, ਦਿੱਲੀ, ਮਥੁਰਾ, ਉਜੈਨ, ਇੰਦੋਰ, ਗੁਜਰਾਤ, ਸਿੰਧ, ਬੀਕਾਨੇਰ ਤੋਂ ਤਾਂ ਗਾਹੇ ਬਿਗਾਹੇ ਵਣਜਾਰੇ ਖਤਰੀ ਤੇ ਅਰੋੜੇ ਸਿੱਖ ਆਉਦੇ ਜਾਂਦੇ ਰਹਿੰਦੇ ਸਨ। ਇਹੋ ਕਾਰਨ ਹੈ ਸੋਢੀ ਮਿਹਰਬਾਨ ਨੇ ਸਾਫ ਸਪੱਸ਼ਟ ਤੌਰ ਤੇ ਸੇਤਬੰਧ ਰਾਮੇਸ਼ਵਰ ਤੋਂ ਗੁਰੂ ਸਾਹਿਬ ਦਾ ਪਰਤਣਾ ਖੁਸ਼ਕ ਰਸਤੇ ਲਿਖਿਆ ਹੈ। ਤਰਤੀਬ ਬਣਾਈ ਹੈ ਦੂਰ ਦੱਖਣ, ਕੇਰਲ, ਮਹਾਰਾਸ਼ਟਰ, ਮੱਧ ਪ੍ਰਦੇਸ (ਮਾਲਵਾ), ਰਾਜਸਥਾਨ, ਗੁਜਰਾਤ/ਸੌਰਾਸ਼ਟਰ, ਰਾਜਸਥਾਨ, ਮਥੁਰਾ, ਕੁਰੂਖੇਤਰ ਤੇ ਸੁਲਤਾਨਪੁਰ। ਸਾਡਾ ਕਹਿਣ ਤੋਂ ਮਤਲਬ ਹੈ ਓਨੀ ਦਿਨੀ ਮਥੁਰਾ ਜਾਂ ਉਜੈਨ ਦੇ ਸਿੱਖਾਂ ਨੂੰ ਪਤਾ ਸੀ ਕਿ ਗੁਰੂ ਸਾਹਿਬ ਕਿਹੜੇ ਪਾਸਿਓ ਉਨਾਂ ਦੇ ਸ਼ਹਿਰ ਪਹੁੰਚੇ ਸਨ। ਸੋ ਸੋਢੀ ਮਿਹਰਬਾਨ ਨੇ ਓਹੋ ਤਰਤੀਬ ਲਿਖੀ ਹੈ ਜੋ ਪਿਤਾ ਪੁਰਖੀ ਦੱਸੀ ਗਈ। ਇਹੋ ਟਰੈਕ ਹੀ ਸਾਡੀ ਸਭ ਤੋਂ ਵੱਡੀ ਢੋਹ ਹੈ। ਹਾਂ ਸੋਢੀ ਨੇ ਬਰੀਕੀਆਂ ਨਹੀ ਲਿਖੀਆਂ।

4. ਤਿੰਨ ਉਦਾਸੀਆਂ ਦੱਸਣ ਵਾਲੇ ਵਿਦਵਾਨ ਖੁੱਦ ਹੀ ਫਸ ਜਾਂਦੇ ਹਨ ਜਦੋਂ ਉਹ ਗੁਰੂ ਸਾਹਿਬ ਦੇ ਰਾਜਸਥਾਨ ਦੌਰੇ ਬਾਰੇ ਲਿਖ ਰਹੇ ਹੁੰਦੇ ਹਨ। ਇਹ ਕੀ ਤੁੱਕ ਬਣੀ ਕਿ ਗੁਰੂ ਸਾਹਿਬ ਰਾਜਥਾਨ ਨੂੰ ਦੱਖਣ ਪਾਸਿਓ ਸ਼ੁਰੂ ਹੁੰਦੇ ਹਨ। ਸਿਰਸਾ (ਹਰਿਆਣਾ) ਰਾਜਸਥਾਨ ਦਾ ਉਤਰੀ ਸਿਰਾ ਜਿਸ ਵਿੱਚ ਸਾਅਵਾ (ਚੁਰੂ) ਭਟਨੇਰ, ਮਥਰਾ (ਯੂ. ਪੀ) ਦੀ ਸੈਰ ਕਰਵਾ ਕੇ ਫਿਰ ਵਾਪਸ ਕਲਿਆਤ, ਬੀਕਾਨੇਰ ਜਾਣਾ ਲਿਖਦੇ ਹਨ। ਭਾਵ ਵਾਪਸ ਖਤਰਨਾਕ ਇਲਾਕੇ ਵਲ ਕਿਉਕਿ ਜੇ ਇਹ ਨਾਂ ਦੱਸਣ ਤਾਂ ਸਿੰਧ ਤੇ ਪੱਛਮੀ ਪੰਜਾਬ ਦੇ ਇਲਾਕਿਆਂ ਵਿੱਚ ਜਾਣਾ ਸਾਬਤ ਨਹੀ ਹੁੰਦਾ। ਕਿੰਨੀ ਹਾਸੋਹੀਣੀ ਗਲ ਹੈ ਨਾਂ ਕਿ ਗੁਰੂ ਸਾਹਿਬ ਸਿਰਸੇ ਤੋਂ ਪੱਛਮੀ ਪੰਜਾਬ ਜਾਣ ਦੇ ਬਿਜਾਏ ਔਖਾ ਰਾਹ ਬੀਕਾਨੇਰ ਵਾਲਾ ਚੁਣਦੇ ਦੱਸਿਆ ਗਇਆ ਹੈ।*****

6.ਜਨਮ ਸਾਖੀਆਂ ਵਿੱਚ ਗੁਰੂ ਸਾਹਿਬ ਦਾ ਤੁਲੰਭੇ (ਸੱਜਣ ਠੱਗ) ਪਾਕਪਟਨ ਤੇ ਉੱਚ ਆਦਿ ਤੇ ਸਿੰਧ ਦੇ ਸੱਖਰ ਕੰਧਕੋਟ ਆਦਿ ਜਾਣਾ ਤਲਵੰਡੀ ਤੋਂ ਦੱਸਿਆ ਹੈ ਨਾਂ ਕਿ ਦੱਖਣ ਵਲੋਂ ਵਾਪਸੀ ਤੇ। ਨਿਰਾ ਜਨਮ ਸਾਖੀਆਂ ਨੇ ਹੀ ਨਹੀ ਬਾਦ ਦੇ ਅਨੇਕਾਂ ਲਿਖਾਰੀਆਂ ਨੇ ਵੀ ਤਲਵੰਡੀ ਵਲੋਂ ਹੀ ਇਨਾਂ ਥਾਵਾਂ ਨੂੰ ਜਾਣਾ ਲਿਖਿਆ ਹੈ। ਸਿਰਫ ਗਿਆਨੀ ਗਿਆਨ ਸਿੰਘ ਨੇ ਇਹ ਪ੍ਰਥਾ ਪਤਾ ਨਹੀ ਕਿਸ ਅਧਾਰ ਤੇ ਬਦਲੀ ਹੈ।

7. ਲੱਖਪੱਤ (ਗੁਜਰਾਤ) ਵਿੱਚ ਇਹ ਰਵਾਇਤ ਹੈ ਕਿ ਸਿੰਧੀ ਪ੍ਰਵਾਰ ਨੇ ਗੁਰੂ ਸਾਹਿਬ ਦੇ ਬੇੜੇ ਦਾ ਕਰਾਇਆ ਭਰਿਆ ਸੀ। ਕਈ ਲੋਕਾਂ ਦਾ ਮੰਨਣਾ ਹੈ ਕਿ ਲਖਪਤ ਤੋਂ ਗੁਰੂ ਸਾਹਿਬ ਮੱਕੇ ਵਲ ਨੂੰ ਜਾ ਰਹੇ ਸਨ। ਇਹ ਵੀ ਗਲਤ ਹੈ ਕਿਉਕਿ ਲਹੌਰ (ਪੰਜਾਬ) ਤੋਂ ਹੱਜ ਤੇ ਜਾਣ ਵਾਲੇ ਲੋਕ ਕਰਾਚੀ ਤੋਂ ਜਹਾਜ ਫੜਦੇ ਸਨ। ਵੇਖੋ ਮੁਹੰਮਦ ਬਿਨ ਕਾਸਮ ਜਦੋਂ ਸਿੰਧ ਆਇਆ ਉਹ ਵੀ ਦੇਬਾਲ (ਕਰਾਚੀ) ਹੀ ਉਤਰਿਆ। 1511 ਈ. ਇੱਕ ਅਰਬ ਜਹਾਜਰਾਨ ਸੁਲੇਮਾਨ ਮਾਹਰੀ ਨੇ ਵੀ ਕਰਾਚੀ ਬੰਦਰਗਾਹ ਦਾ ਜਿਕਰ ਕੀਤਾ ਹੈ।

8. ਫਿਰ ਬੜੋਛ (ਗੁਜਰਾਤ) ਵਿੱਚ ਵੀ ਰਵਾਇਤ ਮੌਜੂਦ ਹੈ ਕਿ ਗੁਰੂ ਸਾਹਿਬ ਨੂੰ ਰਾਜੇ ਨੇ ਬੇੜਾ ਦੇਣ ਤੋਂ ਨਾਂਹ ਕੀਤੀ ਤਾਂ ਗੁਰੂ ਸਾਹਿਬ ਤੇ ਮਰਦਾਨਾ ਚਾਦਰ ਦੀ ਬੇੜੀ ਤੇ ਸਵਾਰ ਹੋ ਗਏ। ਓਥੇ ਚਾਦਰ ਸਾਹਿਬ ਗੁਰਦੁਆਰਾ ਮੌਜੂਦ ਹੈ। ਕੁਦਰਤੀ ਹੈ ਕਿ ਗੁਰੂ ਸਾਹਿਬ ਉੱਤਰ ਦੀ ਯਾਤਰਾ ਲਈ ਬੇੜਾ ਨਹੀ ਸੀ ਚਾਹੁੰਦੇ। ਕਿਉਕਿ ਗੁਜਰਾਤ ਦੇ ਲੱਗ ਪਗ ਹਰ ਮਹੱਤਵਪੂਰਨ ਤੱਟੀ ਸਥਾਨ ਤੇ ਉਹ ਪ੍ਰਚਾਰ ਕਰ ਰਹੇ ਸਨ। 9. ਸਰਸਰੀ ਤੌਰ ਤੇ ਵੇਖਿਆਂ ਦੱਖਣੀ ਪੰਜਾਬ (ਪਾਕਿਸਤਾਨ) ਵਿੱਚ ਗੁਰੂ ਸਾਹਿਬ ਦੀਆਂ ਯਾਤਰਾਵਾਂ ਦੀਆਂ ਦੋ ਵੱਖ ਵੱਖ ਪਟੜੀਆਂ (ਟਰੈਕਜ਼) ਨਜਰ ਆਓਦੇ ਹਨ। ਹਾਲਾਂ ਇਹ ਜਰੂਰੀ ਨਹੀ ਭਾਸਦਾ ਕਿ ਗੁਰੂ ਸਾਹਿਬ ਨੇ ਲੰਕਾ ਤੇ ਮੱਕਾ ਦੀਆਂ ਯਾਤਰਾਵਾਂ ਮੌਕੇ ਇਨਾਂ ਖਾਸ ਪਟੜੀਆਂ ਤੇ ਹੀ ਸੀਮਿਤ ਰਹੇ। (ਵੇਖੋ ਨਕਸ਼ਾ)

(ੳ) ਸੋ ਲੰਕਾ ਨੂੰ ਚਲਦੇ ਵਕਤ ਗੁਰੂ ਸਾਹਿਬ ਤਲਵੰਡੀ ਤੋਂ ਚਲ ਕੇ ਹਫਤ ਮਦਾਰ, ਘੁੰਮਣਕੇ, ਛਾਂਗਾ ਮਾਂਗਾ, ਚੂੰਹਣੀਆਂ, ਹੁਜਰਾ ਸ਼ਾਹ ਮੁਕੀਮ, ਦੀਪਾਲਪੁਰ, ਪਾਕਪਟਨ, ਬੂਰੇਵਾਲਾ, ਵਿਹਾੜੀ, ਤੁਲੰਭਾ, ਉੱਚ, ਮਿੱਠਣਕੋਟ, ਕੰਧਕੋਟ, ਸੱਖਰ, ਸ਼ਿਕਾਰਪੁਰ, ਬਕਰਾਣੀ, ਮੀਰਪੁਰ-ਖਾਸ, ਲੱਖਪਤ, ਅੰਜ਼ਾਰ, ਦਵਾਰਕਾ, ਪੋਰਬੰਦਰ, ਜੂਨਾਗੜ੍ਹ, ਸੋਮਨਾਥ, ਬੜੋਚ, ਰਤਨਾਗਿਰੀ, ਗੋਆ, ਕੰਨਨੂਰ, ਕੋਜ਼ੀਕੋਡ (ਕਾਲੀਕਟ) ਕੋਚੀ, ਪਾਲਮਕੋਟਾ, ਪੱਦਮਨਾਭਾਪੁਰ, ਕੰਨਿਆਕੁਮਾਰੀ ਰਾਂਹੀ ਲੰਕਾ ਪਹੁੰਚੇ। (ਵੇਖੋ ਦਿੱਤਾ ਨਕਸ਼ਾ)

(ਅ) ਨਨਕਾਣਾ ਸਾਹਿਬ ਅਲੱਪਾ ਕਲਾਂ, ਸੱਤਘਰਾ, ਹੜੱਪਾ, ਤੁਲੰਭਾ, ਮੁਲਤਾਨ, ਫਰੀਦਵਾਲਾ ਆਦਿ

10. ਅਸਾਂ ਨਾਨਕ ਝੀਰਾ ਬਿਦਰ ਦੇ ਦਰਸ਼ਨ ਸੰਨ 1972 ਵਿੱਚ ਕੀਤੇ। (ਜਿੰਨਾ ਕੁ ਯਾਦ ਹੈ) ਓਦੋਂ ਗ੍ਰੰਥੀ ਨੇ ਇਹੋ ਦੱਸਿਆ ਕਿ ਗੁਰੂ ਸਾਹਿਬ ਲੰਕਾ ਦੀ ਯਾਤਰਾ ਕਰਕੇ ਇਥੇ ਪਹੁੰਚੇ ਸਨ। ਹੋ ਵੇਖੋ ਤਾਰਾ ਸਿੰਘ ਨਰੋਤਮ ਨੇ ਵੀ ਗੁਰੂ ਸਾਹਿਬ ਦਾ ਤਿੱਲਰੰਜੀ ਤੋਂ ਚਲਕੇ ਬਿਦਰ ਪਹੁੰਚਣਾ ਲਿਖਿਆ ਹੈ। ਉਹ ਤਿਲਰੰਜੀ ਨੂੰ ਰਮੇਸ਼ਵਰ ਦੇ ਕੋਲ ਹੀ ਗਿਣਦੇ ਹਨ।

ਕਈ ਲਿਖਾਰੀਆਂ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਜਿਆਦਾ ਯਾਤਰਾਵਾਂ ਪੈਦਲ ਕੀਤੀਆਂ। ਅਜਿਹਾ ਸੋਚਣਾ ਵੀ ਨਹਾਇਤ ਗਲਤ ਹੈ ਸਾਰੀਆਂ ਜਨਮ ਸਾਖੀਆਂ ਵਿੱਚ ਗੁਰੂ ਸਾਹਿਬ ਦੀਆਂ ਸਮੁੰਦਰ ਤੇ ਦਰਿਆਈ ਜਹਾਜਰਾਨੀ ਰਾਂਹੀ ਯਾਤਰਾ ਦਾ ਥਾਂ ਥਾਂ ਜਿਕਰ ਹੈ। ਕੁਝ ਇੱਕ ਨੇ ਤਾਂ ਗੁਰੂ ਸਾਹਿਬ ਨੂੰ ਮੱਛ ਦੀ ਸਵਾਰੀ ਕਰਦੇ ਦਿਖਾਇਆ ਹੈ।

ਤੁਲੰਭੇ ਜਾਣਾ- ਗੁਰੂ ਸਾਹਿਬ ਉਦਾਸੀਆਂ ਤੇ ਰਵਾਨਾ ਹੋਣ ਤੋਂ ਪਹਿਲਾਂ ਇਕ ਵੇਰਾਂ ਪਾਕਪੱਟਣ ਅਤੇ ਮੁਲਤਾਨ ਹੋ ਆਏ ਸਨ। ਸਾਡੇ ਹਿਸਾਬ ਸੱਜਣ ਠੱਗ ਵਾਲੀ ਘੱਟਨਾ ਇਸ ਯਾਤਰਾ ਮੌਕੇ ਵਾਪਰਦੀ ਹੈ।

ਅੱਜ ਗੁਰਦੁਆਰਾ ਸਾਹਿਬ ਦੇ ਅਹਾਤੇ ਅੰਦਰ ਖੜਾ ਹੈ।

ਉਸ ਅਸਥਾਨ ਤੇ ਅੱਜ ਗੁਰਦੁਆਰਾ ਦਾਤਨ ਸਾਹਿਬ ਜਾ ਗੁਰਦੁਆਰਾ ਕਾਲੀਆਬੋਧਾ ਸ਼ੁਸ਼ੋਭਿਤ ਹੈ।

ਕੱਟਕ ਤੋਂ ਗੁਰੂ ਸਾਹਿਬ ਜਗਨ ਨਾਥ ਪੁਰੀ ਗਏ।

-----◈-----

ਜਗਨਨਾਥ ਪੁਰੀ ਪਹੁੰਚਿਆ ਨਿਰੰਕਾਰੀ ਨਾਨਕ

## ਪੱਥਰ ਦੀ ਆਰਤੀ ਕਿਓ? ਆਰਤੀ ਹੋਵੇ ਬ੍ਰਿਹਮੰਡ ਦੇ ਮਾਲਕ ਦੀ

(ਜੂਨ/ਜੁਲਾਈ 1511)

ਜਗਨ ਨਾਥ ਪੁਰੀ ਹਿੰਦੂਆਂ ਦਾ ਬਹੁਤ ਹੀ ਵਿਸ਼ਾਲ ਤੇ ਪ੍ਰਸਿਧ ਮੰਦਰ ਹੈ ਜਿੱਥੇ ਹਰ ਸਾਲ ਰੱਥ ਯਾਤਰਾ ਨਿਕਲਦੀ ਹੈ। ਮੂਲ ਵਿੱਚ ਇਥੇ ਬੁੱਧ ਮੱਤ ਦਾ ਬੋਲ ਬਾਲਾ ਸੀ ਤੇ ਉਹ ਲੋਕ ਭਗਵਾਨ ਬੁੱਧ ਦੇ ਦੰਦ ਦੀ ਵਿਸ਼ਾਲ ਯਾਤਰਾ ਕੱਢਿਆ ਕਰਦੇ ਸਨ। ਬੁੱਧ ਮੱਤ ਦੇ ਪਤਨ ਤੋਂ ਬਾਦ ਪੰਡਿਆਂ ਨੇ ਵੀ 11 ਸਦੀ ਈਸਵੀ ਵਿੱਚ ਉਸ ਪ੍ਰੰਪਰਾ ਨੂੰ ਦੂਸਰਾ ਰੂਪ ਦੇ ਦਿੱਤਾ।◉ ਇਥੇ ਭਗਵਾਨ ਕ੍ਰਿਸ਼ਨ ਨੂੰ ਸ੍ਰਿਸਟੀ ਦੇ ਮਾਲਕ ਭਾਵ ਜਗਨ ਨਾਥ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ। ਇਹ ਕਹਾਣੀ ਘੜੀ ਹੋਈ ਹੈ ਕਿ ਭਗਵਾਨ ਦੀ ਮੂਰਤੀ ਖੁੱਦ ਬ੍ਰਹਮਾ ਨੇ ਤਰਾਸ਼ੀ ਸੀ। ਸੋ ਜਿੱਥੇ ਇਹ ਗਲ ਹੋਏ ਕਿ ਮੂਰਤੀ ਖੁੱਦ ਭਗਵਾਨ ਨੇ ਬਣਾਈ ਹੈ ਤਾਂ ਸ਼ਰਧਾ ਤਾਂ ਅਥਾਹ ਹੋਵੇਗੀ ਹੀ।

ਫਿਰ ਹਰ ਸਾਲ ਜੂਨ ਜੁਲਾਈ ਦੇ ਮਹੀਨੇ ਭਗਵਾਨ ਦੀ ਮੂਰਤੀ ਨੂੰ ਉਹਦੀ ਮਾਸੀ ਦੇ ਘਰ 10 ਦਿਨ ਵਾਸਤੇ ਭੇਜਿਆ ਜਾਂਦਾ ਹੈ ਅਖੇ ਜਿੱਥੇ ਉਹ ਮਠਿਆਈਆਂ ਦਾ ਭੋਗ ਕਰਦੇ ਹਨ। ਭਗਵਾਨ ਦੀ ਇਹ ਯਾਤਰਾ ਬੜੀ ਸ਼ਾਨੋ ਸ਼ੌਕਤ ਵਾਲੀ ਹੁੰਦੀ ਹੈ। ਮੂਰਤੀ ਨੂੰ 50 ਫੁੱਟ ਉਚੇ ਰੱਥ ਵਿੱਚ ਬੈਠਾਇਆ ਜਾਂਦਾ ਹੈ। ਸ਼ਰਧਾਲੂ ਰੱਸਿਆਂ ਨਾਲ ਉਹ ਰੱਥ ਖਿਚਦੇ ਹਨ। ਅੱਗੇ ਅੱਗੇ ਇਲਾਕੇ ਦਾ ਰਾਜਾ ਝਾੜੂ ਲਾਉਦਾ ਹੈ। ਰਸਮ ਨੂੰ ਇਨਾ ਰੋਚਕ ਬਣਾ ਦਿੱਤਾ ਗਇਆ ਹੈ ਕਿ ਲੱਖਾਂ ਲੋਕ ਰਥ ਯਾਤਰਾ ਵਿੱਚ ਸ਼ਾਮਲ ਹੁੰਦੇ ਹਨ।

ਆਮ ਦਿਨਾਂ ਵਿੱਚ ਵੀ ਇਥੋਂ ਦੇ ਮੰਦਰ ਦੀ ਸ਼ਾਮੀ ਹੋਣ ਵਾਲੀ ਆਰਤੀ ਬਹੁਤ ਸ਼ਾਨੋ ਸ਼ੌਕਤ ਵਾਲੀ ਹੁੰਦੀ ਹੈ। ਚਾਰ ਚੁਫੇਰੇ ਰੰਗ ਰੰਗ ਦੀਆਂ ਸੁਗੰਧੀਆਂ ਦੀ ਖੁਸਬੂ, ਤੇ ਰੰਗ ਰੰਗ ਦੇ ਦੀਵਿਆਂ ਰਾਂਹੀ ਰੋਸ਼ਨੀ ਖਿਲਾਰੀ ਜਾਂਦੀ ਹੈ। ਫਿਰ ਥਾਲ ਵਿੱਚ ਸੁਗੰਧੀਆਂ ਤੇ ਚਾਰ ਦੀਵੇ ਮੂਰਤੀ ਦੇ ਸਾਹਮਣੇ ਘੁੰਮਾਏ ਜਾਂਦੇ ਹਨ: ਚਾਰ ਵਾਰੀ ਪੈਰਾਂ ਤੇ, ਦੋ ਵਾਰੀ ਧੁੰਨੀ ਦੇ ਸਾਹਮਣੇ, ਇੱਕ ਵਾਰੀ ਮੂੰਹ ਦੇ ਸਾਹਮਣੇ, ਤੇ ਫਿਰ ਸੱਤ ਗੇੜੇ ਸਾਰੇ ਸਰੀਰ ਦੇ ਦੁਆਲੇ ਦੁਆਏ ਜਾਂਦੇ ਹਨ।

ਰਥ ਯਾਤਰਾ ਮੌਕੇ ਸਾਹਿਬ 'ਸਿੰਘ ਪੌਰ' ਨਾਮੀ ਸਥਾਨ ਤੇ ਡੇਰਾ ਕੀਤਾ ਹੋਇਆ ਸੀ। ਗੁਰੂ ਸਾਹਿਬ ਦੀ ਰੂਹਾਨੀ ਤਾਕਤ ਦਾ ਲੋਕਾਂ ਨੂੰ ਪਤਾ ਲੱਗ ਚੁੱਕਾ ਸੀ। ਚਾਰ ਚੁਫੇਰੇ ਬਾਬਾ ਨਾਨਕ ਦੀ ਜੈ ਜੈ ਕਾਰ ਹੋ ਰਹੀ ਸੀ। ਏਸੇ ਤਰਾਂ ਇੱਕ ਸ਼ਾਮੀ ਆਰਤੀ ਵੇਲੇ ਬਾ ਰਸੂਖ ਲੋਕਾਂ ਦਾ ਹਜੂਮ ਗੁਰੂ ਸਾਹਿਬ ਨੂੰ ਮੰਦਰ ਦੇ ਅੰਦਰ ਲੈ ਗਇਆ ਕਿ ਤੁਸੀ ਵੀ ਆਰਤੀ ਵਿੱਚ ਸ਼ਾਮਲ ਹੋਵੋ। ਅਜੇ ਆਰਤੀ ਸ਼ੁਰੂ ਨਹੀ ਸੀ ਹੋਈ। ਪੰਡਤਾਂ ਨਾਲ ਸਰ-ਸਰੀ ਗਲ ਬਾਤ ਹੋ ਰਹੀ ਸੀ ਕਿ ਘੰਟੀਆਂ ਵੱਜਣੀਆਂ ਸ਼ੁਰੂ ਹੋ ਗਈਆਂ। ਆਰਤੀ ਸ਼ੁਰੂ ਹੋ ਗਈ। ਸਭ ਖਲੋ ਗਏ। ਗੁਰੂ ਸਾਹਿਬ ਜਿੱਥੇ ਬੈਠੇ ਸੀ ਬੈਠੇ ਹੀ ਰਹੇ।

ਆਰਤੀ ਤੋਂ ਬਾਦ ਪੰਡਿਆਂ ਨੇ ਗੁਰੂ ਸਾਹਿਬ ਅੱਗੇ ਵਿਰੋਧ ਜਿਤਾਇਆ ਕਿ ਤੁਸੀ ਸੰਤ ਮਹਾਤਮਾ ਹੋ ਕੇ ਆਰਤੀ ਦੀ ਰਸਮ ਦੀ ਬੇਅਦਬੀ ਕੀਤੀ ਹੈ। ਗੁਰੂ ਸਾਹਿਬ ਨੇ ਮੌਜੂਦ ਸਭ ਲੋਕਾਂ ਨੂੰ ਸਮਝਾਇਆ ਕਿ "ਮੈਂ ਉਸ ਭਗਵਾਨ ਨੂੰ ਮੰਨਦਾ ਹੈ ਜੋ ਸਾਰੇ ਬ੍ਰਿਹਮੰਡ ਵਿੱਚ ਮੌਜੂਦ ਹੈ ਤੇ ਘੱਟ ਘੱਟ ਦੀ ਜਾਨਣਹਾਰ ਹੈ।"



800 ਸਾਲ ਪੁਰਾਣਾ ਜਗਨ ਨਾਥ ਪੁਰੀ ਮੰਦਿਰ ਜਿਸ ਦੀ ਸਲਾਨਾ ਰਥ ਯਾਤਰਾ ਹਿੰਦੁਸਤਾਨ ਵਿਚ ਪ੍ਰਸਿੱਧ ਹੈ।

"ਮੈਂ ਜਦੋਂ ਉਸ ਭਗਵਾਨ ਦੀ ਆਰਤੀ ਕਰਦਾ ਹਾਂ ਤਾਂ ਵੇਖਦਾ ਹਾਂ ਕਿ ਇੱਕ ਵਿਸ਼ਾਲ ਬ੍ਰਿਹਮੰਡ ਰੂਪੀ ਥਾਲ ਵਿੱਚ ਸੂਰਜ, ਚੰਦ, ਧਰਤੀਆਂ, ਤਾਰੇ ਰੂਪੀ ਦੀਵੇ ਜਗ ਰਹੇ ਨੇ। ਓਸ ਭਗਵਾਨ ਦੀ ਚੌਰ ਖੁੱਦ ਵਗਦੀ ਹਵਾ ਕਰ ਰਹੀ ਹੁੰਦੀ ਹੈ, ਸਾਰੀ ਸ੍ਰਿਸਟੀ ਦੇ ਫੁੱਲਾਂ ਤੇ ਬਨਾਸਪਤੀ ਨੇ ਖੁਸ਼ਬੂ ਖਿਲਾਰੀ ਹੁੰਦੀ ਹੈ।"

ਧਨਾਸਰੀ ਮਹਲਾ ੧ ਆਰਤੀ ੴ ਸਤਿਗੁਰ ਪ੍ਰਸਾਦਿ ॥ ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥

ਬ੍ਰਿਹਮੰਡ ਦੇ ਮਾਲਕ ਦੀ ਆਰਤੀ ਕਰਨ ਵਾਲਾ ਇਹ ਸ਼ਖਸ ਕਿਵੇ ਕਿਸੇ ਪੱਥਰ ਦੀ ਮੂਰਤੀ ਦੀ ਆਰਤੀ ਕਰ ਸਕਦਾ ਹੈ। ਗੁਰੂ




ਗੁਰਦੁਆਰਾ ਆਰਤੀ ਸਾਹਿਬ, ਪੁਰੀ, ਉੜੀਸਾ

ਸਾਹਿਬ ਦਾ ਕਹਿਣ ਦਾ ਲਹਿਜਾ ਕੁਝ ਅਜਿਹਾ ਸੀ ਕਿ ਪੰਡਿਆਂ ਦੇ ਹੋਸ਼ ਉਡ ਗਏ। ਓਥੇ ਸਭ ਨੂੰ ਮਹਿਸੂਸ ਹੋ ਗਇਆ ਕਿ ਇਹ ਜੋ ਕੁਝ ਮੰਦਰ ਵਿਚ ਹੋ ਰਿਹਾ ਹੈ ਨਿਰਾ ਪਾਖੰਡ ਤੇ ਰਸਮ ਹੈ। ਮੁਲਕ ਦਾ ਰਾਜਾ ਪ੍ਰਤਾਪ ਰੁਦ੍ਰ ਦੇਵ ਵੀ ਮੌਕੇ ਤੇ ਹਾਜਰ ਸੀ। ਉਹ ਵੀ ਗੁਰੂ ਸਾਹਿਬ ਦੇ ਚਰਨੀ ਲੱਗਾ। (ਸਿੱਖ ਪ੍ਰੰਪਰਾ ਵਿੱਚ ਰਾਜੇ ਦਾ ਨਾਂ ਮੰਗਲ ਦੱਤ ਆਇਆ ਹੈ)

ਧੰਨ ਸਨ ਗੁਰੂ ਸਾਹਿਬ, ਅਗਲੇ ਦੇ ਘਰ ਜਾ ਕੇ ਭਰੀ ਸਭਾ ਵਿੱਚ ਅਗਲੇ ਨੂੰ ਅਹਿਸਾਸ ਕਰਾਉਣਾ ਕਿ ਉਹ ਜੋ ਕਰ ਰਹੇ ਹਨ ਗਲਤ ਹੈ।

ਉਹਨਾਂ ਗਰਮੀਆਂ ਦੇ ਦਿਨਾਂ ਵਿਚ ਫਿਰ ਸਥਾਨਕ ਰਾਜੇ ਨੇ ਸਮੁੰਦਰ ਦੇ ਕੰਢੇ (ਬੀਚ) ਤੇ ਸ਼ਾਮੀ ਵੱਡਾ ਕੀਰਤਨ ਇਕੱਠ ਰੱਖ ਲਿਆ। ਜਿਸ ਵਿਚ ਸਿੱਧ, ਜੋਗੀ, ਮੰਡਲੀਆਂ ਅਤੇ ਬੰਗਾਲੀ ਸੰਤ ਚੈਤੰਨਿਆ ਮਹਾ ਪ੍ਰਭੂ ਦੀ ਕੀਰਤਨ ਮੰਡਲੀ ਵੀ ਸ਼ਾਮਲ ਹੋਈ। ਇਕ ਜੱਥੇ ਤੋਂ ਬਾਦ ਦੂਜੇ ਨੇ ਮਨੋਹਰ ਕੀਰਤਨ ਕੀਤੇ ਤੇ ਆਪਣੇ ਆਪਣੇ ਭਗਵਾਨਾਂ ਦੀ ਉਸਤਤ ਗਾਈ।


ਗੁਰੂ ਸਾਹਿਬ ਅਤੇ ਮਰਦਾਨੇ ਦੀ ਜਦੋਂ ਵਾਰੀ ਆਈ ਤਾਂ ਸਾਹਿਬ ਨੇ ਮਾਰੂ ਰਾਗ ਛੇੜ ਦਿੱਤਾ:

ਮਾਰੂ ਮਹਲਾ ੧ ॥ ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥ ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥ ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥ ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੁਤੀਆ ਗਾਇਆ ॥੩॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥ ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥ ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥ ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥ ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥ ਝੂਠੀ ਜਗ ਹਿਤ ਕੀ ਚਤੁਰਾਈ ॥ ਬਿਲਮ ਨ ਲਾਗੈ ਆਵੈ ਜਾਈ ॥ ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥ ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥ ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥ ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥ ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥ ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥ ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥ ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥ ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥ ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥ ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥ ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥ ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥ ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥

ਰੰਗ ਰੰਗ ਦੇ ਪ੍ਰਚਾਰਕਾਂ ਦਰਮਿਆਨ ਗੁਰੂ ਸਾਹਿਬ ਨੇ ਧਰਮ ਦੇ ਮਾਰਗ ਤੇ ਸੱਚ ਦੀ ਅਹਿਮੀਅਤ, ਗੁਰੂ ਧਾਰਨ ਕਰਨਾਂ ਅਤੇ ਇਥੋਂ ਤਕ ਕਹਿ ਦਿਤਾ ਕਿ ਗੁਰਮਤ ਰਾਂਹੀ ਤੁਹਾਨੂੰ ਭਗਵਾਨ ਰਾਮ, ਕ੍ਰਿਸ਼ਨ ਜਿਵੇ ਅਵਤਾਰਾਂ ਦੀ ਅਸਲੀਅਤ ਦਾ ਵੀ ਪਤਾ ਲਗ ਜਾਏਗਾ।

ਗੁਰੂ ਸਾਹਿਬ ਦੀ ਸਿਖਿਆਵਾਂ ਦਾ ਅਜਿਹਾ ਅਸਰ ਪਿਆ ਕਿ ਓੜੀਆ ਲੋਕ ਜਿਹੜੇ ਜਗਨ ਨਾਥ ਭਗਵਾਨ ਨੂੰ ਵਿਸ਼ਨੂੰ ਦਾ ਅਵਤਾਰ ਮੰਨਦੇ ਸਨ, ਵਿਚਾਰਧਾਰਾ ਹੀ ਛੱਡ ਗਏ ਤੇ ਹੁਣ ਰਾਜਾ ਪ੍ਰਤਾਪ ਰੁਦ੍ਰ ਦੇਵ ਨੇ ਐਲਾਨ ਕਰ ਦਿਤਾ





ਉਦਾਸੀ ਗੁਰਦੁਆਰਾ ਮੰਗੂ ਮੱਠ। ਹੇਠਾਂ ਪ੍ਰਕਾਸ਼ ਅਸਥਾਨ, ਜਿਥੇ ਬਾਬਾ ਸ੍ਰੀ ਚੰਦ ਦੀ ਮੂਰਤੀ ਨਾਲ ਪੂਜੀ ਜਾਂਦੀ ਹੈ। ਇਥੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਇਕ ਪੁਰਾਤਨ ਤਸਵੀਰ ਰੱਖੀ ਜਾਂਦੀ ਹੈ ਜਿਸ ਵਿਚ ਗੁਰੂ ਸਾਹਿਬ ਭਾਈ ਮਰਦਾਨਾ, ਬਾਬਾ ਲਖਮੀ ਚੰਦ, ਬਾਬਾ ਸ੍ਰੀ ਚੰਦ ਅਤੇ ਭਾਈ ਬਾਲਾ ਦਿਖਾਏ ਗਏ ਹਨ। ਤਸਵੀਰ ਵਿਚ ਗੁਰੂ ਸਾਹਿਬ ਨੂੰ ਬਹੁਤ ਬਜ਼ੁਰਗ ਦਿਖਾਇਆ ਗਇਆ ਹੈ। 12 ਸਤੰਬਰ 2019 ਨੂੰ ਅਫਵਾਹ ਉਡੀ ਸੀ ਕਿ ਉੜੀਸਾ ਸਰਕਾਰ ਨੇ ਬਾਉਲੀ ਸਮੇਤ ਇਹ ਯਾਦਗਾਰਾਂ ਢੂਹਾ ਦਿੱਤੀਆਂ ਹਨ। ਆਖਰ 22 ਦਸੰਬਰ 2019 ਨੂੰ ਸੱਚ ਮੁੱਚ ਢਾਹ ਦਿੱਤੀ ਗਈ ਹੈ। ਉਂਜ ਅਖਬਾਰਾਂ ਬਿਆਨ ਆਇਆ ਹੈ ਕਿ ਉਹ ਇਸ ਦੀ ਸੁੰਦਰ ਇਮਾਰਤ ਬਣਾਏਗੀ।



ਬਾਉਲੀ ਸਾਹਿਬ, ਪੁਰੀ। ਸ਼ਹਿਰ ਨਿਵਾਸੀਆਂ ਦੀ ਬੇਨਤੀ ਤੇ ਗੁਰੂ ਸਾਹਿਬ ਨੇ ਉਹ ਜਗਾ ਪ੍ਰਗਟ ਕੀਤੀ ਜਿਥੇ ਜਮੀਨ ਵਿਚ ਮਿੱਠਾ ਜਲ ਮੌਜੂਦ ਸੀ।

ਕਿ ਜਗਨ ਨਾਥ, ਭਗਵਾਨ ਵਿਸ਼ਨੂੰ ਤੋਂ ਵੀ ਉਤੇ ਹੈ। ਹੁਣ ਜਗਨ ਨਾਥ ਦੀ ਪਰਿਭਾਸ਼ਾ ਕੁਝ ਇਸ ਤਰਾਂ ਦੀ ਬਣ ਗਈ:⦿

"ਜਗਨ ਨਾਥ ਤਾਂ ਸੁੰਨ ਪੁਰਖ ਹੈ, ਉਹ ਨਿਰਾਕਾਰ ਹੈ, ਉਹ ਨਿਰੰਜਨ ਹੈ, ਉਹ ਪੂਰਨ ਬ੍ਰਹਮ ਹੈ, ਇਸੇ ਤੋਂ ਹੋਰਨਾਂ ਅਵਤਾਰਾਂ ਜਿਵੇ ਰਾਮ ਕ੍ਰਿਸ਼ਨ ਆਦਿ ਨੇ ਜਨਮ ਲਿਆ।"

-----◈-----

## ਜਦੋਂ ਕਲਿਜੁਗ ਨੇ ਤਾਂ ਕੋਸ਼ਿਸ਼ ਕੀਤੀ ਕਿ ਗੁਰੂ ਸਾਹਿਬ ਪੁਰੀ ਜੋਗੇ ਹੀ ਹੋ ਜਾਣ

ਪੁਰਾਣੇ ਸਮਿਆਂ ਵਿਚ ਪ੍ਰਸਿੱਧ ਹਿੰਦੂ ਤੀਰਥਾਂ ਤੇ ਵੱਖ ਵੱਖ ਹਿੰਦੁਸਤਾਨੀ ਇਲਾਕਿਆਂ ਦੀਆਂ ਆਪਣੀਆਂ ਆਪਣੀਆਂ ਧਰਮਸਾਲਾਂ ਹੁੰਦੀਆਂ ਸਨ। ਏਸੇ ਕਰਕੇ ਹੀ ਫਿਰ ਗੁਰੂ ਸਾਹਿਬ ਦੀ ਪੁਰੀ ਫੇਰੀ ਮੌਕੇ ਓਥੇ ਵੀ ਪੰਜਾਬੀਆਂ ਦੀ ਆਪਣੀ ਧਰਮਸਾਲਾ ਸੀ। ਇਸ ਦਾ ਮਾਲਕ ਕਲਿਜੁਗ ਨਾਂ ਦਾ ਪੰਜਾਬੀ ਬ੍ਰਾਹਮਣ ਸੀ।

ਜਦੋਂ ਗੁਰੂ ਸਾਹਿਬ ਨੇ ਪੂਰਬ ਦੇ ਅਧਿਆਤਮ ਜਗਤ ਨੂੰ ਸਰ ਕਰ ਕੇ ਪੁਰੀ ਪਹੁੰਚੇ ਤੇ ਓਥੇ ਵੀ ਬਾਬੇ ਨਾਨਕ ਦੀ ਜੈ ਜੈਕਾਰ ਹੋ ਗਈ ਤਾਂ ਪੰਜਾਬੀ ਪੰਡਤ ਨੂੰ ਵੀ ਮਾਣ ਮਹਿਸੂਸ ਹੋਇਆ। ਉਹ ਵੀ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ। ਜਿੰਨਾ ਚਿਰ ਗੁਰੂ ਸਾਹਿਬ ਪੁਰੀ ਵਿਖੇ ਰਹੇ ਕਲਿਜੁਗ ਗੁਰੂ ਸਾਹਿਬ ਦੇ ਨਾਲ ਨਾਲ ਹੀ ਰਿਹਾ। ਗੁਰੂ ਸਾਹਿਬ ਕਰਕੇ ਕਲਿਜੁਗ ਦੀ ਵੀ ਪੁਰੀ ਵਿਖੇ ਪੁੱਛ ਗਿੱਛ ਹੋ ਰਹੀ ਸੀ।

ਇਕ ਦਿਨ ਗੁਰੂ ਸਾਹਿਬ ਨੂੰ ਪਾਂਡਾ ਆਪਣੇ ਘਰ ਲੈ ਗਿਆ। ਆਪਣੀ ਅਮੀਰੀ ਵਲ ਨਿਗਾ ਮਰਵਾ ਕੇ ਕਹਿਣ ਲੱਗਾ ਕਿ ਸਾਹਿਬ ਜੀ ਇਥੇ ਮਾਇਆ ਦਾ ਕੋਈ ਅੰਤ ਨਹੀ। ਬੇਸ਼ੱਕ ਸੋਨੇ ਦਾ ਮਹਿਲ ਪਾ ਲਓ। ਇਥੇ ਹੀ ਰਹੋ। ਕਿਤੇ ਨਾਂ ਜਾਓ। ਤੁਸੀ ਜਿਹੋ ਜਿਹਾ ਘਰ ਚਾਹੋਗੇ ਅਸੀ ਬਣਵਾ ਕੇ ਦਿਆਂਗੇ। ਓਥੇ ਫਿਰ ਗੁਰੂ ਸਾਹਿਬ ਦਾ ਵਿਰਾਗ ਛੁਟਿਆ ਤੇ ਸਬਦ ਬੋਲਿਆ:-

ੴ ਸਤਿਗੁਰ ਪ੍ਰਸਾਦਿ ॥ ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥ ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥ ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥ ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥ ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥

ਮਰਦਾਨੇ ਨੇ ਕਲਿਜੁਗ ਨੂੰ ਸਮਝਾਇਆ ਕਿ ਪੰਡਤ ਜੀ ਅਸੀ ਨਿਰੰਕਾਰ ਅਕਾਲ ਪੁਰਖ ਦਾ ਮਿਸ਼ਨ ਲੈ ਕੇ ਨਿਕਲੇ ਹਾਂ। ਐਸ਼ੋ ਅਰਾਮ ਦੀ ਜਿੰਦਗੀ ਸਾਡਾ ਨਿਸ਼ਾਨਾ ਨਹੀ। ਇਹ ਪਾਂਡਾ ਗੁਰੂ ਸਾਹਿਬ ਦੇ ਓਥੋਂ ਆਉਣ ਤੋਂ ਬਾਦ ਸਿੱਖੀ ਦਾ ਪ੍ਰਚਾਰ ਜਗਨ ਨਾਥ ਪੁਰੀ ਵਿਖੇ ਕਰਿਆ ਕਰਦਾ ਰਿਹਾ।

ਗੁਰੂ ਸਾਹਿਬ ਦੀ ਬਖਸ਼ਸ਼ ਸਦਕਾ ਕਲਜੁਗ ਦੇ ਘਰ ਉਲਾਦ ਹੋਈ ਜਿਸ ਦੀ ਪੀੜੀ ਅਜ ਤੱਕ ਜਾਰੀ ਹੈ। 1870 ਈ. ਵਿੱਚ ਗਿਆਨੀ ਗਿਆਨ ਸਿੰਘ ਇਸੇ ਅੰਸ ਵਿੱਚੋਂ ਭਗਵਾਨ ਦਾਸ ਕਲਜੁਗ ਦੇ ਘਰ ਠਹਿਰੇ ਸਨ।

ਏਸੇ ਪਾਂਡੇ ਨੇ ਗੁਰੂ ਸਾਹਿਬ ਨੂੰ ਸਹਿਜ ਸੁਭਾਅ ਦੱਸਿਆ ਕਿ ਪੁਰੀ ਵਿੱਚ ਪੀਣ ਵਾਲੇ ਪਾਣੀ ਦੀ ਬੜੀ ਕਿੱਲਤ ਹੈ। ਸਭ ਪਾਸੇ ਪਾਣੀ ਖਾਰਾ ਹੈ। ਓਦੋਂ ਸਹਿਬ ਨੇ ਇੱਕ ਖਾਸ ਥਾਂ ਤੇ ਇਸ਼ਾਰਾ ਕਰ ਕੇ ਕਿਹਾ ਕਿ ਇਥੇ ਖੂਹ ਪੁੱਟੋ। ਪਾਣੀ ਮਿੱਠਾ ਨਿਕਲੇਗਾ। ਉਥੇ ਫਿਰ ਬਾਉਲੀ ਉਸਾਰੀ ਗਈ ਜੋ ਅੱਜ ਤੱਕ ਮੌਜੂਦ ਹੈ। ਕਿਸੇ ਵੇਲੇ ਸ਼ਹਿਰ ਦਾ ਬਹੁਤਾ ਭਾਗ ਇਸ ਬਉਲੀ ਤੇ ਹੀ ਨਿਰਭਰ ਸੀ।◈

-----◈-----

## ਪੁਰੀ (ਉੜੀਸਾ) ਵਿੱਚ ਗੁਰੂ ਨਾਨਕ ਦਾ ਕੀਰਤਨ ਸੁਣਨ ਵਾਲਾ ਇੱਕ ਬੰਗਾਲੀ ਚਸ਼ਮਦੀਦ ਗਵਾਹ

## ਬੰਗਾਲ ਦੇ ਪ੍ਰਸਿਧ ਕ੍ਰਿਸ਼ਨ ਭਗਤ ਚੇਤੰਨਿਆ ਮਹਾਪ੍ਰੱਭੂ ਦਾ ਬਾਬੇ ਨਾਲ ਮੇਲ

ਉਨਾਂ ਦਿਨਾਂ ਵਿੱਚ ਹੀ ਬੰਗਾਲ ਵਿੱਚ ਇੱਕ ਪ੍ਰਸਿਧ ਕ੍ਰਿਸ਼ਨ ਭਗਤ ਹੋਏ ਹਨ: ਚੈਤੰਨਿਆ ਮਹਾਂਪ੍ਰਭੂ। ਸ਼ਰਧਾਲੂ ਲੋਕਾਂ ਦਾ ਵਿਸ਼ਵਾਸ਼ ਸੀ ਕਿ ਚੈਤੰਨਿਆ ਇਸ ਕਲਜੁਗ ਵਿੱਚ ਕ੍ਰਿਸ਼ਨ ਭਗਵਾਨ ਦਾ ਹੀ ਅਵਤਾਰ ਹੈ। ਚੈਤੰਨਿਆ ਦੇ ਭਗਤ ਵ੍ਰਿੰਦਾਵਨ ਦਾਸ ਠਾਕੁਰ (1507 -1589 ਈ) ਨੇ ਗ੍ਰੰਥ ਲਿਖਿਆ "ਚੇਤੰਨਿਆ ਭਾਗਵਤ" ਜਿਸ ਵਿੱਚ ਗੁਰੂ ਸਾਹਿਬ ਤੇ ਚੇਤੰਨਿਆ ਦੇ ਮੇਲ ਬਾਬਤ

ਪੈੜ ਸਰੋਤ

⦿ https://en.wikipedia.org/wiki/Jagannath

◈ ਗਿਆਨ ਰਤਨਾਵਲੀ ਵਿੱਚ ਇਥੇ ਫਿਰ ਇੱਕ ਸਾਖੀ ਦਿੱਤੀ ਹੈ ਕਿ ਜਿੱਥੇ ਸਮੁੰਦਰ ਕਿਨਾਰੇ ਗੁਰੂ ਸਾਹਿਬ ਬੈਠੇ ਸਨ ਓਥੇ ਨੇੜੇ ਹੀ ਇੱਕ ਲਾਸ਼ ਪਈ ਸੀ। ਕੁਝ ਸਮੇਂ ਬਾਦ ਇੱਕ ਬਘਿਆੜ ਆਇਆ ਲਾਸ਼ ਸੁੰਘੀ ਪਰ ਖਾਧੀ ਨਾਂ ਤੇ ਚਲਾ ਗਿਆ। ਓਥੇ ਫਿਰ ਕਿਹਾ ਗਇਆ ਕਿ ਮਰਨ ਵਾਲਾ ਬੰਦਾ ਬੜਾ ਅਕ੍ਰਿਤਘਣ ਸੀ।

ਫਿਰ ਕਲਜੁਗ ਨਾਲ ਮੇਲ ਵੀ ਦੱਸਿਆ ਹੈ। ਕਲਜੁਗ ਦੇ ਵਰਤਾਰੇ ਬਾਰੇ ਰਤਨਾਵਲੀ ਤੇ ਹੋਰ ਸਾਖੀਆਂ ਵਿੱਚ ਲਿਖਿਆ ਹੈ ਕਿ ਕਲਜੁਗ ਨੇ ਗੁਰੂ ਸਾਹਿਬ ਨਾਲ ਵਾਇਦਾ ਕੀਤਾ ਕਿ ਜਿੱਥੇ ਸੰਗਤ ਜੁੜ ਬੈਠੀ ਹੋਵੇਗੀ ਮੈਂ ਓਥੇ ਦਾਖਲ ਨਹੀ ਹੋਵਾਂਗਾ ਹਾਂ ਅਰਦਾਸ ਉਪਰੰਤ ਜਦੋਂ ਪ੍ਰਸ਼ਾਦ ਵਰਤੀਂਦਾ ਹੋਵੇਗਾ ਕਿਰਪਾ ਕਰਕੇ ਮੈਨੂੰ ਓਥੇ ਖੁੱਲ ਦੇ ਦੇਣਾ।

ਕਈ ਜਨਮ ਸਾਖੀਆਂ ਨੇ ਫਿਰ ਬੁਧ ਧਰਮ ਵਾਲੀ ਕਹਾਣੀ ਇਥੇ ਗੁਰੂ ਸਾਹਿਬ ਨਾਲ ਜੋੜ ਦਿਤੀ ਹੈ ਜਿਥੇ ਇਕ ਪਾਖੰਡੀ ਬ੍ਰਾਹਮਣ ਦਾ ਮਾਇਆ ਵਾਲਾ ਪਿਆਲਾ ਅਲੋਪ ਹੋ ਜਾਂਦਾ ਹੈ। ਵਿਦਵਾਨਾਂ ਨੇ ਇਹ ਸਾਖੀ ਰੱਦ ਕੀਤੀ ਹੈ।



ਰੱਬ ਦੀ ਯਾਦ ਵਿਚ ਹਮੇਸ਼ਾਂ ਨੱਚਣ ਗਾਉਣ ਵਾਲਾ ਬੰਗਾਲੀ ਸੰਤ ਚੈਤੰਨਿਆ ਮਹਾਂ ਪ੍ਰਭੂ (1486-1534)

ਦਿਲਚਸਪ ਜਾਣਕਾਰੀ ਮਿਲਦੀ ਹੈ। ਇਸ ਵਿੱਚ ਲਿਖਿਆ ਹੈ ਕਿ ਚੇਤੰਨਿਆ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਪੁਰੀ ਵਿੱਚ ਆ ਪਹੁੰਚੇ ਨੇ ਤਾਂ ਉਹਨਾਂ ਨੇ ਗੁਰੂ ਸਾਹਿਬ ਦੇ ਰਹਿਣ ਠਹਿਰਨ ਦਾ ਇੰਤਜਾਮ ਕੀਤਾ। ਆਪਣੇ ਇੱਕ ਸੇਵਕ ਓਦੇ-ਅਤਾ ਦੀ ਜ਼ਿੰਮੇਵਾਰੀ ਲਾਈ ਤੂੰ ਗੁਰੂ ਸਾਹਿਬ ਦੀ ਸੇਵਾ ਟਹਿਲ ਵਿੱਚ ਹਰ ਵੇਲੇ ਹਾਜਰ ਰਹਿਣਾ ਹੈ।

ਇਸ ਗ੍ਰੰਥ ਵਿੱਚ ਇਹ ਵੀ ਜਿਕਰ ਮਿਲਦਾ ਹੈ ਕਿ ਗੁਰੂ ਸਾਹਿਬ ਤੇ ਚੇਤੰਨਿਆ ਨੇ ਰਲ ਕੇ ਕੀਰਤਨ ਕੀਤਾ। ਗੁਰੂ ਸਾਹਿਬ ਦਾ ਸਾਥ "ਸਾਰੰਗ" (ਭਾਵ ਸਾਰੰਗੀ ਵਜਾਉਣ ਵਾਲਾ ਭਾਵ ਮਰਦਾਨਾ ਦੇ ਰਿਹਾ ਸੀ) ਕੁਝ ਇਸ ਤਰਾਂ ਦਾ ਜਿਕਰ ਆਇਆ ਹੈ ਇਸ ਕਿਤਾਬ ਵਿੱਚ:

ਸ੍ਰੀਨਿਵਾਸਾ ਜੇ ਬਿਸੰਬਰ ।
ਕੀਰਤਨ ਮੱਧਯਾ ਬਿਹ੍ਰ ।
ਨਾਨਕ, ਸਾਰੰਗ ਇਹ ਦੋਈ।
ਰੂਪ ਯ ਸਨਾਤਨ ਦੋ ਭਾਈ।
ਜਗਾਈ ਮਧਾਈ ਇਕਤਰ ।
ਕੀਰਤਨ ਕਰ ਅੰਤੀ ਐ ਨਰਿਤਿਆ।
ਨਗਰ ਪੁਰਸ਼ੋਤਮ ਦਾਸ।
ਜਾਂਗਲੀ ਯਜਸ ਨੰਦਨੀ ਤਾ ਪਾਸ।
ਨਾਨਕ ਸਾਹੇਤੀ ਗੈਹਨ।
ਗੋਪਾਲ ਗੁਰੂ ਸੰਗ ਤੈਮ।
ਸਾਹਗਤ ਮਤ ਬਲਰਾਮ।
ਬਿਹਾਰ ਨੀਲਗਿਰੀ ਧਾਮ।

(ਮਤਲਬ - ਗੁਰੂ ਨਾਨਕ ਤੇ ਰਬਾਬੀ (ਮਰਦਾਨੇ) ਦੇ ਕੀਰਤਨ ਵਿੱਚ ਚੈਤੰਨਿਆ ਮਹਾਪ੍ਰਭੂ ਆਪ ਵੀ ਸ਼ਾਮਲ ਹੋ ਗਏ। ਦੋਵੇ ਭਰਾਵਾਂ ਰੂਪ ਤੇ ਸਨਾਤਨ ਨੇ ਕੀਰਤਨ ਤੇ ਨ੍ਰਿਤ (ਨਾਚ) ਵਿੱਚ ਸਾਥ ਨਿਭਾਇਆ, ਨਾਲ ਹੀ ਹੋ ਗਈਆਂ ਭੈਣਾਂ ਜਗਾਈ ਤੇ ਮਧਾਈ। ਸ਼ਹਿਰ ਦੇ ਰਾਜਾ ਨੇ ਅਨੰਦ ਮਾਣਿਆ। ਕਿਉਕਿ ਗੁਪਾਲ ਨਾਲ ਗੁਰੂ ਨਾਨਕ ਦਾ ਬਹੁਤ ਸਨੇਹ ਹੋ ਚੁੱਕਾ ਸੀ। ਸੋ ਨਿਤਿਆਨੰਦ ਭਗਵਾਨ ਨੇ ਕੀਰਤਨ ਕੀਤਾ ਜਗਨ ਨਾਥ ਪੁਰੀ ਵਿੱਚ।- (ਅਧਿਆਇ 64, ਚੈਤੰਨਿਆ ਭਾਗਵਤ)

ਨਗਰ ਪ੍ਰਸ਼ੋਤਮ ਦਾ ਨਾਂ ਆਉਣਾ ਉਂਜ ਹੈਰਾਨੀ ਪੈਦਾ ਕਰਦਾ ਹੈ ਕਿਉਕਿ ਰਾਜਾ ਪ੍ਰਤਾਪ ਰੁਧ੍ਰ ਦੇਵ ਤੋਂ ਪਹਿਲਾਂ ਰਾਜਾ ਪ੍ਰਸ਼ੋਤਮ ਦੇਵਾ (1467- 1497ਈ.) ਸੀ।

-----◈-----

## ਚਿਲਕਾ ਝੀਲ

ਪੁਰੀ ਤੋਂ ਚਲਕੇ ਗੁਰੂ ਸਾਹਿਬ ਨੇ ਪਹਿਲਾਂ ਦੱਖਣ ਵਲ ਕੋਈ 30 ਕੁ ਕਿਲੋਮੀਟਰ ਚਲ ਕੇ ਚਿਲਕਾ ਝੀਲ ਵੇਖੀ। ਅੰਦਾਜ਼ਾ ਹੈ ਕਿ ਚਿਲਕਾ ਕਿਨਾਰੇ ਸਿੱਧ ਜੋਗੀਆਂ ਦਾ ਕੋਈ ਵੱਡਾ ਮੱਠ ਸੀ। ਇਥੇ ਬੁੱਧਮਤ ਦੇ ਪ੍ਰਸਿੱਧ ਵਿਹਾਰਾਂ ਦੇ ਖੰਡਰਾਤ ਅਤੇ ਜੈਨਮੱਤ ਦੇ ਮੰਦਰ ਅੱਜ ਵੀ ਮੌਜੂਦ ਨੇ। ਜਿਵੇ ਅਸੀ ਪਿੱਛੇ ਲਿਖਿਆ ਹੈ ਕਿ ਭਾਰਤ ਵਿਚ ਬੁੱਧਮਤ ਦਾ ਜਾਨਸ਼ੀਨ, ਜੋਗੀਮਤ ਹੀ ਬਣਿਆ ਸੀ। ਬੋਧੀਆਂ ਦੇ ਵਿਹਾਰਾਂ ਤੇ ਬਾਦ ਵਿਚ ਜੋਗੀ ਹੀ ਕਾਬਜ ਹੋਏ ਸਨ। ਸੋ ਇਥੇ ਗੁਰੂ ਸਾਹਿਬ ਨੇ ਜੋਗੀਆਂ ਅਤੇ ਜੈਨੀਆਂ ਨੂੰ ਨਾਮ ਦਾ ਸਿਧਾਂਤ ਸਮਝਾਇਆ।

-----◈-----

## ਪੰਜਾਬ ਨੂੰ ਪਰਤਣਾ◈

ਕਿਉਕਿ ਮਰਦਾਨਾ ਵੀ ਨਾਗਾਲੈਂਡ ਅਤੇ ਮਾਘ ਦੇਸ ਅਤੇ ਬ੍ਰਹਮਾ ਦੀ ਯਾਤਰਾ ਵੇਲੇ ਕੁਝ ਅੱਕ ਜਿਹਾ ਗਇਆ ਸੀ ਅਤੇ ਪਿੱਛੇ ਪਰਤਣ ਲਈ ਜਿੱਦ ਕਰ ਰਿਹਾ ਸੀ। ਮਰਦਾਨੇ ਦੀ ਜਿੱਦ ਅਤੇ ਵਿਗੜ ਰਹੇ ਰਾਜਨੀਤਕ ਹਾਲਾਤਾਂ ਕਰਕੇ ਗੁਰੂ ਸਾਹਿਬ ਦੱਖਣ ਦੇ ਹੋਰ ਇਲਾਕੇ ਅਤੇ ਲੰਕਾ ਨੂੰ ਜਾਣ ਦੇ ਬਿਜਾਏ, ਇਥੋਂ ਹੀ ਸਿੱਧੇ ਪੰਜਾਬ ਨੂੰ ਹੋ ਤੁਰੇ।

ਪੈਰ ਸਫਾ

1. ਚੈਤੰਨਿਆ ਮਹਾਪ੍ਰਭੂ ਦੇ ਮੇਲ ਨੂੰ ਸਾਡੇ ਜਨਮ ਸਾਖੀ ਵਾਲਿਆਂ ਜੋਗੀ ਭਰਥਰੀ ਹਰੀ ਨਾਲ ਮੇਲ ਲਿਖਿਆ ਹੈ- ਸੋਢੀ ਮਿਹਰਬਾਨ

2. ਪ੍ਰਸਿਧ ਲਿਖਾਰੀ ਤ੍ਰਿਲੋਚਨ ਸਿੰਘ ਦਾ ਕਹਿਣਾ ਹੈ ਕਿ ਇਸ (ਚੈਤੰਨਿਆ ਮੇਲ) ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਗੁਰੂ ਸਾਹਿਬ ਕਦੋਂ ਪੁਰੀ ਵਿਖੇ ਬਰਾਜਮਾਨ ਸਨ। ਕਿਉਕਿ ਚੈਤੰਨਿਆ ਦਾ ਪੁਰੀ ਵਿਖੇ ਹੋਣ ਦਾ ਸਮਾਂ ਇਤਹਾਸ ਵਿਚ ਪਤਾ ਹੈ। ਸੋ ਸਿੰਘ ਅਨੁਸਾਰ ਗੁਰੂ ਸਾਹਿਬ 1511 ਈ ਦੇ ਲਾਗੇ ਚਾਗੇ ਇਥੇ ਸਨ।

ਹੋਰ ਸਾਨੂੰ ਵੀ ਜੋ ਸਬੂਤ ਮਿਲਿਆ ਹੈ ਕਿ ਆਵਾ ਦੀ ਸੁਨਿਹਰੀ ਰਾਜਧਾਨੀ ਦਾ ਉਦਘਾਟਨ ਫਰਵਰੀ 1511 ਨੂੰ ਹੁੰਦਾ ਹੈ। ਇਸ ਤੋਂ ਵੀ ਅੰਦਾਜਾ ਲੱਗਦਾ ਹੈ ਕਿ ਫਰਵਰੀ 1511 ਤੋਂ ਬਾਦ ਸਾਹਿਬ ਬਰਮਾ ਵਿੱਚ ਸਨ ਜਿਥੋਂ ਉਹ ਪੁਰੀ ਨੂੰ ਆਏ ਸਨ।

ਅੰਦਾਜ਼ਾ ਹੈ ਗੁਰੂ ਸਾਹਿਬ 1512 ਈ ਦੇ ਸ਼ੁਰੂ ਸ਼ੁਰੂ ਵਿਚ ਹੀ ਓੜੀਸ਼ਾ ਤੋਂ ਪੰਜਾਬ ਨੂੰ ਪਰਤੇ ਸਨ।

◈ ਇਹ ਸਾਰੀ ਗਲ ਵਿਸਥਾਰ ਵਿਚ ਪੜ੍ਹਨ ਲਈ ਸਫਾ 174 ਦੀ ਸਫਾ ਪੈੜ ਵੇਖੋ। ਧਿਆਨ ਰਹੇ ਕੁਝ ਇਤਹਾਸਕਾਰ ਨਹੀ ਮੰਨਦੇ ਕਿ ਗੁਰੂ ਸਾਹਿਬ ਓੜੀਸਾ ਤੋਂ ਪੰਜਾਬ ਨੂੰ ਪਰਤੇ ਸਨ।

ਧਿਆਨ ਹੋਵੇ ਕਿ ਉੜੀਸਾ ਦੇ ਗਜਪਤੀ ਬਾਦਸ਼ਾਹ ਦਾ ਰਾਜ ਦੂਰ ਦੱਖਣ ਵਿਚ ਵੀ ਫੈਲਿਆ ਹੋਇਆ ਸੀ। ਫਿਰ ਦੱਖਣ ਦੀ ਪ੍ਰਸਿੱਧ ਰਿਆਸਤ ਵਿਜੇਨਗਰ ਦਾ ਪ੍ਰਸਿੱਧ ਬਾਦਸ਼ਾਹ ਕ੍ਰਿਸ਼ਨਾ ਦੇਵਾ ਰਾਇਆ ਨਵਾਂ ਨਵਾਂ ਗੱਦੀ ਤੇ ਬੈਠਾ ਸੀ। ਉਸਨੇ ਅਰੰਭ ਵਿਚ ਹੀ ਗਜਪਤੀ ਰਿਆਸਤ ਤੋਂ ਦੱਖਣ ਦੇ ਇਲਾਕੇ ਅਜਾਦ ਕਰਾਉਣ ਦੀ ਠਾਣ ਲਈ ਅਤੇ 1512 ਈ ਦੇ ਸ਼ੁਰੂ ਵਿਚ ਹੀ ਉਦੇਗਿਰੀ ਦੇ ਪ੍ਰਸਿੱਧ ਕਿਲੇ ਤੇ ਹਮਲਾ ਕਰ ਦਿਤਾ। ਧਿਆਨ ਰਹੇ ਇਹ ਉਦੇਗਿਰੀ ਤਿਰੂਪਤੀ ਤੋਂ 130 ਕਿ. ਮੀ. ਉੱਤਰ ਹੈ। (ਇਕ ਉਦੇਗਿਰੀ ਪੁਰੀ ਤੋਂ 80 ਕਿ. ਮੀ. ਸਮੁੰਦਰੀ ਤੱਟ ਤੇ ਪੱਛਮ ਦੱਖਣ ਵਿਚ ਹੈ।) ਇਸ ਹਮਲੇ ਕਰਕੇ ਕੱਟਕ ਅਤੇ ਪੁਰੀ ਵਿਚ ਭੜਥੂ ਜਿਹਾ ਪੈ ਗਿਆ। ਜਿਸ ਕਰਕੇ ਗੁਰੂ ਸਾਹਿਬ ਨੇ ਓਥੇ ਉੜੀਸਾ ਵਿਚ ਹੋਰ ਸਮਾਂ ਰਹਿਣਾ ਠੀਕ ਨਹੀ ਸਮਝਿਆ ਅਤੇ ਨਾਂ ਹੀ ਦੱਖਣ ਵਲ ਜਾਣ ਦੇ ਹਾਲਾਤ ਮਕਬੂਲ ਸਨ। ਸਾਹਿਬ ਨੇ ਉਹ ਰਸਤਾ ਅਪਣਾਇਆ ਜਿਸ ਰਸਤੇ ਸਾਧੂ ਸੰਤ ਮਥੁਰਾ ਆਦਿ ਨੂੰ ਆਮ ਤੁਰੇ ਰਹਿੰਦੇ ਸਨ। ਇਹ ਰਸਤਾ ਕੁਝ ਦੂਰੀ ਤਕ ਯੂ ਪੀ ਦੇ ਹੋਰ ਪ੍ਰਸਿੱਧ ਨਗਰਾਂ ਜਿਵੇ ਪ੍ਰਯਾਗਰਾਜ, ਅਯੋਧਿਆ ਅਤੇ ਬਨਾਰਸ ਲਈ ਸਾਂਝਾ ਸੀ।

ਸੋ ਚਿਲਕਾ ਝੀਲ ਤੋਂ ਬਾਦ ਗੁਰੂ ਸਾਹਿਬ ਪਹਾੜ ਪਾਸੇ ਨੂੰ ਹੋ ਮੁੜੇ ਤੇ ਉੜੀਸਾ ਦੀ ਰਿਆਸਤ ਰਾਜ- ਰਣਪੁਰ ਦੇ ਰਾਜੇ ਨੂੰ ਮਿਲੇ। ਰਣਪੁਰ ਜਗਨ ਨਾਥ ਪੁਰੀ ਤੋਂ ਕੋਈ 55-60 ਕਿਲੋਮੀਟਰ ਪਹਾੜ ਵਿੱਚ ਹੈ। ਗੁਰੂ ਸਾਹਿਬ ਦੇ ਮੇਲ ਬਾਰੇ ਕੁਝ ਜਿਆਦਾ ਜਾਣਕਾਰੀ ਹਾਸਲ ਨਹੀ ਹੋ ਪਾਈ। ਇਨਾਂ ਹੀ ਪਤਾ ਲੱਗਦਾ ਹੈ ਕਿ ਇਹ ਰਾਜਾ ਵੀ ਪੁਰੀ ਦੇ ਮਹਾਰਾਜੇ ਦੇ ਅਧੀਨ ਸੀ।

-----◈-----

**ਸੰਬਲਪੁਰ**○ - ਉਸ ਤੋਂ ਬਾਦ ਗੁਰੂ ਸਾਹਿਬ ਇਲਾਕੇ ਦੇ ਹੋਰ ਰਾਜਿਆਂ ਤੇ ਸਾਧੂਆਂ ਦੇ ਟਿਕਾਣਿਆਂ ਤੇ ਜੋ ਲੋਕਾਂ ਨੂੰ ਮਨਮਤ ਤੋਂ ਵਰਜਦੇ ਹੋਏ ਨਿਰੰਕਾਰ ਨਾਲ ਜੋੜਦੇ ਹੋਏ, ਮਹਾਂਨਦੀ ਦੇ ਨਾਲ ਨਾਲ ਚਲਦੇ, ਸੰਬਲਪੁਰ (ਓੜੀਸਾ) ਪਹੁੰਚੇ। ਸੰਬਲਪੁਰ ਵੀ ਉਘਾ ਇਤਹਾਸਿਕ ਨਗਰ ਹੈ ਜਿਸ ਦਾ ਜਿਕਰ ਪੁਰਾਤਨ ਗ੍ਰੰਥਾਂ ਤੇ ਟੋਲਮੀ (ਯੂਨਾਨ ਦੇ ਸਿਕੰਦਰ ਮਹਾਨ ਦੇ ਵੇਲੇ ਜੋ ਆਇਆ) ਤੇ ਹਿਊਨ ਸਾਂਗ ਜਿਹੇ ਯਾਤਰੂਆਂ ਨੇ ਕੀਤਾ ਹੈ। ਸੰਮਲਪੁਰ ਜਾਂ ਸੰਬਲ ਪੁਰ ਹੀਰਿਆਂ ਦੀ ਖਾਣ ਕਰਕੇ ਵੀ ਇਤਹਾਸ ਵਿੱਚ ਜਾਣਿਆ ਜਾਂਦਾ ਰਿਹਾ ਹੈ। ਇਥੋਂ ਦੀਆਂ ਖਾਣਾਂ ਦਾ ਜਿਕਰ ਬਕਾਇਦਾ 17ਵੀ ਸਦੀ ਦੇ ਫਰਾਂਸੀਸੀ ਵਪਾਰੀ ਜੀਨ ਬੈਪਟਿਸਟ ਤੇਵਨੀਅਰ ਨੇ ਵੀ ਕੀਤਾ ਹੈ। ਇਹ ਹਿੰਦੂ ਧਾਰਮਿਕ ਇਤਹਾਸ ਵਿੱਚ ਏਨੀ ਅਹਿਮੀਅਤ ਰਖਦਾ ਹੈ ਜਿੱਥੇ ਲਿਖਿਆ ਮਿਲਦਾ ਹੈ ਕਿ ਵਿਸ਼ਨੂੰ ਦਾ ਅਗਲਾ ਅਵਤਾਰ ਕਲਕੀ ਸੰਭਲ (ਸੰਬਲਪੁਰ) ਵਿਖੇ ਪੈਦਾ ਹੋਵੇਗਾ। ਮਹਾਤਮਾ ਬੁਧ ਨੇ ਵੀ ਕਾਲ ਚਕ੍ਰ ਤੰਤਰ ਦਾ ਗਿਆਨ ਰਾਜਾ ਇੰਦਰਭੂਤੀ ਨੂੰ ਦੇ ਕੇ ਸੰਬਲ ਦਾ ਧਰਮਰਾਜਾ ਬਣਾ ਦਿੱਤਾ ਸੀ। ਮਹਾਭਾਰਤ ਵਿੱਚ ਵੀ ਇਸ ਦਾ ਸਾਫ ਜਿਕਰ ਹੈ।

ਕਹਿਣ ਤੋਂ ਮਤਲਬ ਏਨਾ ਮਹੱਤਵਪੂਰਨ ਧਾਰਮਿਕ ਕੇਂਦਰ ਹੋਵੇ ਤੇ ਗੁਰੂ ਸਾਹਿਬ ਪੁਰੀ ਤੋਂ ਅਮਰਕੰਟਕ ਨੂੰ ਤੇ ਸੰਮਲਪੁਰ ਜਾਂ ਸੰਬਲਪੁਰ ਜਾਂ ਸੰਬਲ ਨਾਂ ਰੁਕੇ ਹੋਣ ਇਹ ਤਾਂ ਹੋ ਹੀ ਨਹੀ ਸਕਦਾ।

ਜਦੋਂ ਗੁਰੂ ਸਾਹਿਬ ਇਸ ਨਗਰ ਵਿੱਚ ਸਨ ਤਾਂ ਸ਼ਹਿਰ ਦੇ ਕਿਸੇ ਮਹੱਤਵਪੂਰਨ ਬੰਦੇ ( ਰਾਜਾ ਆਦਿ) ਦਾ ਜਵਾਨ ਮੁੰਡਾ ਮਰ ਗਇਆ ਜਿਸ ਕਾਰਨ ਉਸ ਦੀ ਮਾਂ ਬਹੁਤ ਰੁਦਨ ਕਰ ਰਹੀ ਸੀ ਤੇ ਸਾਰੇ ਸ਼ਹਿਰ ਦੀ ਹਮਦਰਦੀ ਉਸ ਬਾਬਤ ਜਾਗੀ ਹੋਈ ਸੀ। ਉਸ ਮੌਕੇ ਗੁਰੂ ਸਾਹਿਬ ਨੇ ਅਣਭੋਲ ਲੋਕਾਂ ਨੂੰ ਕਰਤਾਰ ਦੇ ਹੁਕਮ ਬਾਰੇ ਜਾਣਕਾਰ ਕਰਾਇਆ ਤੇ ਇਹ ਸ਼ਬਦ ਰਚਿਆ:-

ਆਸਾ ਮਹਲਾ ੧ ॥ ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥ ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥ ਬਹੁਤੇ ਅਉਗਣ ਕੂਕੈ ਕੋਈ ॥ ਜਾ ਤਿਸੁ ਭਾਵੈ ਬਖਸੇ ਸੋਈ ॥੨॥ ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾ ਤਹ ਏਕੋ ਸੋਈ ॥੩॥ ਕਹਤ ਨਾਨਕ ਐਸੀ ਮਤਿ ਆਵੈ ॥ ਤਾਂ ਕੋ ਸਚੇ ਸਚਿ ਸਮਾਵੈ ॥

-----◈-----

## ਲੋਕੋ ਛਨਿੱਛਰ ਦੀ ਪੂਜਾ ਛੱਡੋ।

### ਉਹਨੂੰ ਪੂਜੋ ਜਿਸ ਨੇ ਛਨਿੱਛਰ ਪੈਦਾ ਕੀਤਾ ਸੀ

ਸੰਮਲ ਪੁਰ ਦੇ ਸ਼ਨੀ ਮੰਦਰ ਨੂੰ ਜਦੋਂ ਗੁਰੂ ਸਾਹਿਬ ਵੇਖ ਰਹੇ ਸਨ ਪ੍ਰਦੇਸੀ ਸਾਧੂ ਵੇਖ ਕੇ ਗੁਰੂ ਸਾਹਿਬ ਦੇ ਦੁਆਲੇ ਭੀੜ ਇਕੱਠੀ ਹੋ ਗਈ। ਪੁਜਾਰੀ ਗੁਰੂ ਸਾਹਿਬ ਨੂੰ ਮੰਦਰ ਬਾਰੇ ਜਾਣਕਾਰੀ ਦੇ ਰਿਹਾ ਸੀ। ਇਕੱਠੇ ਹੋਏ ਲੋਕ ਵੀ ਦਿਲਚਸਪੀ ਨਾਲ ਸੁਣ ਰਹੇ ਸਨ। ਪੁਜਾਰੀ ਨੇ ਸ਼ਨੀ ਦੇਵਤਾ ਦੀ ਕਹਾਣੀ ਸੁਣਾਈ ਕਿ ਇੱਕ ਸੂਰਜ ਨਾਂ ਦਾ ਰਾਜਾ ਸੀ ਜਿਹਦੇ ਅੱਠ ਪੁੱਤਰ ਸਨ। ਅੱਠਾਂ ਵਿੱਚੋਂ ਸ਼ਨੀ ਨਾਂ ਦਾ ਪੁੱਤਰ ਬਹੁਤ ਹੀ ਬਦਸ਼ਕਲ ਕਾਲਾ ਕਲੂਟਾ ਤੇ ਡਰਾਵਣਾ ਜਿਹਾ ਸੀ। ਜਦੋਂ ਰਾਜਾ ਮਰਿਆ ਤਾਂ ਸ਼ਨੀ ਦੀ ਮਾਂ ਵੀ ਨਾਲ ਹੀ ਸਤੀ ਹੋ ਗਈ। ਰਾਜੇ ਦਾ ਵੱਡਾ ਪੁੱਤਰ ਤਖਤ ਤੇ ਬੈਠਾ। ਬਦਸੂਰਤ ਛਨਿਛਰ ਦੀ ਕੋਈ ਪੁੱਛ ਗਿੱਛ ਨਹੀ ਸੀ ਕਰਦਾ। ਭਰਜਾਈਆਂ ਬਚਿਆ ਖੁੱਚਿਆਂ ਭੋਜਨ ਛਨਿਛਰ ਦੇ ਸੁੱਟ ਦਿਆ ਕਰਦੀਆਂ ਸਨ। ਪੁਰਾਣੇ ਸ਼ਰਾਣੇ ਕਪੜੇ ਉਹਨੂੰ ਦੇ ਦੇਣੇ। ਕਾਲੇ ਰੰਗ ਤਾਂ ਦਾ ਪਹਿਲਾਂ ਹੀ ਸੀ ਉਤੇ ਉਸਨੇ ਤੇਲ ਦੀ ਮਾਲਸ਼ ਕਰ ਲੈਣੀ ਤੇ ਵੱਖਰੀ ਹੀ ਡਹਿਕ ਮਾਰਦਾ ਹੁੰਦਾ ਸੀ ਛਨਿਛਰ। ਜਦੋ ਉਸ ਵੇਖਿਆ ਕਿ ਹਰ ਕੋਈ ਉਨੂੰ ਘ੍ਰਿਣਾ ਦੀ ਨਿਗਾਹ ਨਾਲ ਤੱਕਦਾ ਹੈ ਤਾਂ ਕਿਸੇ ਮਹਾਂਪੁਰਖ ਦੇ ਉਪਦੇਸ਼ ਅਨੁਸਾਰ ਹਾਰ ਕੇ ਛਨਿਛਰ ਨੇ ਰੱਬ ਦੀ ਭਗਤੀ ਦਾ ਰਾਹ ਅਪਣਾਇਆ। ਛਨਿਛਰ ਮਹਾਨ ਬਣ ਗਿਆ।

ਪੈੜ ਸਫ਼ਾ

○ ਲਗਦੈ ਗਿਆਨੀ ਗਿਆਨ ਸਿੰਘ ਨੇ ਸੰਮਲ ਪੁਰ ਨੂੰ ਸਭਾਗ ਪੁਰ ਲਿਖ ਦਿੱਤਾ ਹੈ। ਓੜੀਸਾ ਵਿੱਚ ਸੁਭਾਗ ਪੁਰ ਨਾਂ ਦਾ ਕੋਈ ਇਤਹਾਸਿਕ ਕਸਬਾ ਜਾਂ ਸ਼ਹਿਰ ਹੈ ਹੀ ਨਹੀ। ਉਂਜ ਪੁਰੀ ਤੋਂ ਚਲਕੇ ਗੁਰੂ ਸਾਹਿਬ ਦਾ ਸੁਭਾਗ ਪੁਰ ਰੁਕਣਾ ਲਿਖਿਆ ਹੈ। ਸੰਬਲ ਪੁਰ ਵਿਖੇ ਬਕਾਇਦਾ ਸਿੱਖ ਸੰਗਤ ਤੇ ਯਾਦਗਾਰੀ ਗੁਰਦੁਆਰਾ ਵੀ ਸ਼ਸੋਭਿਤ ਹੈ। ਸੋ ਸਾਫ ਜਾਹਿਰ ਹੈ ਸੁਭਾਗਪੁਰ ਅਸਲ ਵਿੱਚ ਸੰਬਲਪੁਰ ਹੈ। ਗਿਆਨੀ ਜੀ ਵਾਲੀ ਗਲਤੀ ਸੁਰਿੰਦਰ ਸਿੰਘ ਕੋਹਲੀ ਨੇ ਵੀ ਕਰ ਦਿੱਤੀ।

ਸੰਬਲ ਪੁਰ ਦੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਤਸਵੀਰ ਤਾਂ ਪ੍ਰਾਪਤ ਹੋਈ ਹੈ ਪਰ ਇਹ ਤਸਦੀਕ ਨਹੀ ਹੋ ਪਾਇਆ ਕਿ ਗੁਰਦੁਆਰਾ ਸਾਹਿਬ ਇਤਹਾਸਿਕ ਹੈ ਜਾਂ ਵੈਸੇ ਸੰਗਤ ਨੇ ਬਣਾਇਆ।

ਪੰਡਤ ਨੇ ਬੜੇ ਮਾਣ ਨਾਲ ਕਹਾਣੀ ਸਭ ਦੇ ਸਾਹਮਣੇ ਗੁਰੂ ਸਾਹਿਬ ਨੂੰ ਸੁਣਾਈ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਤੁਸੀ ਛਨਿੱਛਰ ਦੀ ਬਿਜਾਏ ਉਸ ਪ੍ਰਭੂ ਨੂੰ ਕਿਓ ਨਹੀ ਪੂਜਦੇ ਜਿਹਦੀ ਪੂਜਾ ਖੁੱਦ ਛਨਿਛਰ ਨੇ ਕੀਤੀ ਤੇ ਮਹਾਨ ਬਣ ਗਇਆ ਸੀ?

ਗੁਰੂ ਸਾਹਿਬ ਦੇ ਸਿੱਧੇ ਸਾਦੇ ਸਵਾਲ ਨੇ ਸਭ ਦੀਆਂ ਅੱਖਾਂ ਖੋਲ ਦਿੱਤੀਆਂ। ਫਿਰ ਗੁਰੂ ਸਾਹਿਬ ਨੇ ਸਰਬ ਵਿਆਪਕ ਨਿਰੰਕਾਰ ਦੀ ਸਿਫਤ ਵਿੱਚ ਸ਼ਬਦ ਗਾਇਆ:-

**ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ ੴ ਸਤਿਗੁਰ ਪ੍ਰਸਾਦਿ ॥ ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ ਅਗਮ ਅਗੋਚਰੁ ਰੂਪੁ ਨ ਰੇਖਿਆ ॥ ਖੋਜਤ ਖੋਜਤ ਘਟਿ ਘਟਿ ਦੇਖਿਆ ॥ ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥ ਗੁਰ ਪਰਸਾਦਿ ਪਰਮ ਪਦੁ ਪਾਈ ॥੧॥ ਕਿਆ ਜਪੁ ਜਾਪਉ ਬਿਨੁ ਜਗਦੀਸੈ ॥ ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ (ਸਗਗਸ-੮੩੮)**

-----◈-----

## ਅਮਰਕੰਟਕ- ਜਿੱਥੇ ਲੋਕ ਅਸਮਾਨੀ ਬਿਜਲੀ ਨੂੰ ਹੀ ਭਗਵਾਨ ਮੰਨਦੇ ਸਨ

ਸੰਮਲ ਪੁਰ ਤੋਂ ਚਲ ਕੇ ਗੁਰੂ ਸਾਹਿਬ ਬਾਰਗੜ੍ਹ, ਸਾਰੰਗਗੜ, ਹੁੰਦੇ ਹੋਏ ਸ਼ਿਵਰੀਨਰਾਇਣ ਤੋਂ ਮਹਾਂਨਦੀ ਅਤੇ ਜੌਂਕ ਨਦੀ ਦੇ ਸੰਗਮ ਤੋ ਦਰਿਆ ਪਾਰ ਕੀਤਾ। ਅੱਗੇ ਇਤਹਾਸਿਕ ਨਗਰ ਮਲਹਾਰ, ਅੱਜ ਦੇ ਬਿਲਾਸਪੁਰ ਹੁੰਦੇ ਹੋਏ ਸੰਬਲ ਪੁਰ ਤੋਂ ਪਹੁੰਚੇ, 370 ਕਿਲੋਮੀਟਰ ਦਾ ਸਫਰ ਸੰਙਣਾ ਜੰਗਲੀ ਇਲਾਕਾ ਪਾਰ ਕਰਕੇ ਗੁਰੂ ਸਾਹਿਬ ਮੱਧ ਪ੍ਰਦੇਸ਼ ਦੇ ਮਸ਼ਹੂਰ ਧਾਰਮਿਕ ਸਥਾਨ ਅਮਰ-ਕੰਟਕ ਪਹੁੰਚੇ। ਇਹ ਉਹ ਪ੍ਰਸਿਧ ਸਥਾਨ ਹੈ ਜਿਥੋਂ ਨਰਮਦਾ ਦਰਿਆ ਨਿਕਲਦਾ ਹੈ। ਹਿੰਦੁਸਤਾਨ ਵਿੱਚ ਵਰਤੀਆਂ ਜਾ ਰਹੀਆਂ ਬਹੁਤੀਆਂ ਦੇਸੀ ਜੜ੍ਹੀ ਬੂਟੀਆਂ ਇਸੇ ਪਹਾੜੀ ਇਲਾਕੇ ਵਿੱਚ ਪੈਦਾ ਹੁੰਦੀਆਂ ਹਨ। ਭਾਰਤੀ ਸੈਰ ਸਪਾਟਾ ਕੇਂਦਰਾਂ ਵਿੱਚੋਂ ਇਹ ਵੀ ਪ੍ਰਮੁਖ ਹੈ। ਹਿੰਦੂ ਇਨੂੰ ਤੀਰਥਰਾਜ ਗਿਣਦੇ ਹਨ। ਪੁਰਾਣਾਂ ਤੇ ਮਹਾਭਾਰਤ ਵਿੱਚ ਵੀ ਇਹਦਾ ਜਿਕਰ ਮਿਲਦਾ ਹੈ। ਇਥੇ ਪਹੁੰਚ ਗੁਰੂ ਸਾਹਿਬ ਦਾ ਮੁੱਖ ਨਿਸ਼ਾਨਾ ਭੋਲੇ ਭਾਲੇ ਸਾਧੂਆਂ ਨੂੰ ਨਿਰੰਕਾਰ ਦੇ ਲੜ ਲਾਉਣਾ ਸੀ ਜੋ ਤਰਾਂ ਤਰਾਂ ਦੀਆਂ ਕਠਿਨ ਤਪੱਸਿਆਵਾਂ ਵਿੱਚ ਲੱਗੇ ਹੋਏ ਸਨ।

ਜਨਮਸਾਖੀਆਂ ਗੁਰੂ ਸਾਹਿਬ ਦੀ ਇਸ ਫੇਰੀ ਬਾਰੇ ਕੋਈ ਜਾਣਕਾਰੀ ਤਾਂ ਨਹੀ ਦਿੰਦੀਆਂ ਪਰ ਸਾਹਿਬ ਨੇ ਸਤਿਨਾਮ ਸਤਿਕਾਰ ਨਿਰੰਕਾਰ ਦਾ ਜੋ ਹੋਕਾ ਦਿੱਤਾ ਸੀ ਉਹ ਅੱਜ ਤੱਕ ਇਲਾਕੇ ਵਿੱਚ ਗੂੰਜਦਾ ਹੈ। ਇਥੋਂ ਤੱਕ ਕਿ ਗੁਰੂ ਸਾਹਿਬ ਦੇ ਵਾਪਸ ਆਉਣ ਤੋਂ ਕੋਈ ਸੈਕੜਾ ਸਾਲ ਬਾਦ ਇਥੇ ਇੱਕ ਧਾਰਮਿਕ ਲਹਿਰ ਉਠੀ 'ਸਤਿਨਾਮੀਏ'। ਜਿਸ ਦੇ ਬਾਨੀ ਨੇ ਵੀ ਆਪਣੇ ਆਪ ਨੂੰ ਗੁਰੂ ਕਹਾਇਆ। ਗੁਰੂ ਘਾਸੀਰਾਮ (1756-1836 ਈ) ਏਸੇ ਇਲਾਕੇ ਵਿੱਚ ਹੀ ਹੋਇਆ ਹੈ ਜੋ ਜਾਤ ਪਾਤ ਦਾ ਖੰਡਨ ਕਰਦਾ ਸੀ, ਸਤਿਨਾਮ ਦਾ ਜਾਪ ਜਪਾਉਂਦਾ ਸੀ, ਸੱਚ ਤੇ ਜੋਰ ਦਿੰਦਾ ਸੀ। ਕਹਿਣ ਤੋਂ ਮਤਲਬ ਬੀਜ ਕਾਫੀ ਦੇਰ ਬਾਦ ਉਗਿਆ। ਉਂਜ ਥੋੜਾ ਬਹੁਤ ਰੂਪ ਅਕਾਰ ਵਖਰਾ ਸੀ ਪਰ ਉਪਜ ਬੀਜ ਸਤਿਨਾਮ ਤੋਂ ਹੀ ਸੀ। ਧਿਆਨ ਰਹੇ ਭਗਤ ਕਬੀਰ ਸਾਹਿਬ ਨੇ ਵੀ ਇਸ ਇਲਾਕੇ ਦਾ ਦੌਰਾ ਕੀਤਾ ਸੀ।


ਗੁਰੂ ਨਾਨਕ ਮੁਕਤਦੁਆਰ, ਅਮਰਕੰਟਕ

ਏਸੇ ਹੀ ਇਲਾਕੇ ਵਿੱਚ ਇੱਕ ਪੁਜਾਰੀ ਨੇ ਲੋਕਾਂ ਨੂੰ ਬੱਦਲਾਂ ਤੇ ਅਸਮਾਨੀ ਬਿਜਲੀ ਬਾਰੇ ਗੁੰਮਰਾਹ ਕੀਤਾ ਹੋਇਆ ਸੀ। ਕਿ ਵੇਖੋ ਫਲਾਣੇ ਬੰਦੇ ਨੇ ਪੂਜਾ ਨਹੀ ਕਰਵਾਈ ਤਾਂ ਭਗਵਾਨ ਨਰਾਜ ਹੋ ਰਿਹਾ ਹੈ। ਅਖੇ ਬਿਜਲੀ ਤੇ ਗਰਜ ਭਗਵਾਨ ਦੀ ਨਿਰਾਜਗੀ ਦੀਆਂ ਨਿਸ਼ਾਨੀਆਂ ਹਨ। ਇਸ ਤਰਾਂ ਕਰਕੇ ਉਹ ਭੋਲੇ ਭਾਲੇ ਲੋਕਾਂ ਨੂੰ ਲੁੱਟਦਾ ਸੀ ਤੇ ਗੁੰਮਰਾਹ ਕਰਕੇ ਲੋਕਾਂ ਨੂੰ ਭਗਵਾਨ ਦੀ ਨਰਾਜਗੀ ਦਾ ਉਪਾਅ ਜੋ ਦਸਦਾ ਸੀ ਉਸ ਵਿੱਚ ਫਿਰ ਲੁੱਟ ਸੀ।

ਗੁਰੂ ਸਾਹਿਬ ਨੇ ਜਦੋਂ ਉਨੂੰ ਸਮਝਾਉਣਾ ਚਾਹਿਆ ਤਾਂ ਉਸ ਨੇ ਉਲਟਾ ਵਿਰੋਧ ਕੀਤਾ। ਫਿਰ ਭਰੀ ਸਭਾ ਵਿੱਚ ਉਹ ਜਲੀਲ ਹੋਇਆ ਤੇ ਗੁਰੂ ਸਾਹਿਬ ਨੇ ਲੋਕਾਂ ਨੂੰ ਬੱਦਲ ਤੇ ਬਿਜਲੀ ਜਿਹੇ ਕੁਦਰਤੀ ਵਰਤਾਰੇ ਬਾਰੇ ਗਿਆਨ ਦਿੱਤਾ। ਕਿ ਬਿਜਲੀ ਜਾਂ ਬੱਦਲ ਕੋਈ ਰੱਬ ਨਹੀ ਹੁੰਦੇ। ਰੱਬ ਤਾਂ ਤੁਹਾਡੇ ਅੰਗ ਸੰਗ ਹੈ। ਲੋਕਾਈ ਨੂੰ ਸਤਿਨਾਮ ਸਤਿ ਕਰਤਾਰ ਦੇ ਨਾਮ ਨਾਲ ਜੋੜਿਆ ਤੇ ਚੜ੍ਹਦੀ ਕਲ੍ਹਾ ਵਾਲੇ ਜੀਵਨ ਦੀ ਬਖਸ਼ਸ਼ ਕੀਤੀ। ਪਟਣੇ ਵਾਲਾ ਸ਼ਬਦ ਫਿਰ ਗੁਰੂ ਸਾਹਿਬ ਨੇ ਅਮਰਕੰਟਕ ਵਿਖੇ ਵੀ ਦੁਹਰਾਇਆ। ਸਾਹਿਬ ਨੇ ਇਲਾਕੇ ਵਾਲੀ ਬੋਲੀ ਹੀ ਵਰਤੀ ਹੈ:-

**ਮਾਰੂ ਮਹਲਾ ੧ ॥ ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥ (ਪੂਰਾ ਸ਼ਬਦ ਦੇਖੋ: ਸਫਾ ੧੨੯ ਜਿੰਦਗੀਨਾਮਾ)**

ਇਲਾਕੇ ਦੇ ਰਾਜੇ ਮੈਨ ਪਾਲ ਨੇ ਜਦੋਂ ਗੁਰੂ ਸਾਹਿਬ ਦਾ ਜਸ ਸੁਣਿਆ ਤਾਂ ਉਹ ਵੀ ਆ ਚਰਨੀ ਲੱਗਾ।

ਮਨਮੋਹਨੇ ਅਮਰਕੰਟਕ ਵਿੱਚ ਹੀ ਹੈ ਕਪਿਲ ਧਾਰਾ ਜਿੱਥੇ ਕਿਹਾ ਜਾਂਦਾ ਹੈ ਕਿ ਪੁਰਾਤਨ ਕਪਿਲ ਰਿਸ਼ੀ ਨੇ ਸੰਖਿਅਕੀ ਪੁਰਾਣ ਦੀ ਰਚਨਾ ਕੀਤੀ।

ਇਥੇ ਮੌਜੂਦ ਸਾਧੂਆਂ ਨੂੰ ਗੁਰੂ ਸਾਹਿਬ ਨੇ ਘਟ ਘਟ ਵਿੱਚ ਬਿਰਾਜਮਾਨ ਨਿਰੰਕਾਰ ਭਗਵਾਨ ਬਾਰੇ ਦੱਸਿਆ ਜੋ ਨਿਰਾ ਬਰਾਜਮਾਨ ਹੀ ਨਹੀ ਕਿਰਪਾਲੂ ਤੇ ਦਿਆਲੂ ਵੀ ਹੈ ਇਸ ਪ੍ਰਕਾਰ ਸਾਂਖਿਅੰਕੀ ਸੋਚ ਦਾ ਖੰਡਨ ਕੀਤਾ।

-----◈-----



ਕੌਡਾ ਰਾਖਸ਼- ਬੀ:40 ਜਨਮ ਸਾਖੀ ਤਸਵੀਰ

## ਕੌਡਾ ਰਾਖਸ਼

ਕਿਉਕਿ ਮਰਦਾਨਾ ਘਰ ਜਾਣ ਵਾਸਤੇ ਬਹੁਤ ਕਾਹਲਾ ਪੈ ਚੁੱਕਾ ਸੀ। ਇਹੋ ਕਾਰਨ ਹੈ ਕਿ ਪੁਰੀ ਤੋਂ ਬਾਦ ਗੁਰੂ ਸਾਹਿਬ ਨੇ ਸਿੱਧਾ ਪੰਜਾਬ ਦਾ ਰਸਤਾ ਅਪਨਾਇਆ।

ਮਰਦਾਨੇ ਦੀ ਕਾਹਲ ਕਰਕੇ ਹੀ ਅਮਰਕੰਟਕ ਵੀ ਗੁਰੂ ਸਾਹਿਬ ਜਿਆਦਾ ਨਹੀ ਟਿਕੇ। ਅਮਰਕੰਟਕ ਤੋਂ ਗੁਰੂ ਸਾਹਿਬ ਨੇ ਜਬਲ ਪੁਰ ਵਲ ਦਾ ਰੁਖ ਕੀਤਾ। ਹਾਲਾਂ ਮਰਦਾਨੇ ਨੇ ਇਥੋਂ ਦੇ ਇਲਾਕੇ ਨੂੰ ਪਸੰਦ ਕੀਤਾ। ਇਥੇ ਖਾਣ ਨੂੰ ਕਈ ਕਿਸਮਾਂ ਦੇ ਫਲ ਫਰੂਟ ਮਿਲੇ। ਪਰ ਸਫਰ ਤੋਂ ਮਨ ਅੱਕ ਚੁੱਕਾ ਸੀ। ਅਮਰਕੰਟਕ ਗੁਰੂ ਸਾਹਿਬ ਨਾਲ ਨਰਾਜ ਹੋਇਆ ਕਿ "ਤੁਹਾਨੂੰ ਜਿੱਥੇ ਸਾਧ ਸੰਤ ਮਿਲਦੇ ਨੇ ਤੁਸੀ ਓਥੇ ਹੀ ਡੇਰਾ ਜਮਾ ਬਹਿੰਦੇ ਹੋ। ਇਸ ਤਰਾਂ ਤਾਂ ਅਸੀ ਸਾਰੀ ਉਮਰ ਪੰਜਾਬ ਨਹੀ ਪਹੁੰਚ ਪਾਵਾਂਗੇ। ਮੇਰਾ ਤਾਂ ਅਜੇ ਵਿਆਹ ਦਾ ਚਾਅ ਵੀ ਨਹੀ ਲਹਿਆ। ਜੇ ਤੁਸੀ ਨਹੀ ਜਾਣਾ ਤਾਂ ਮੈਨੂੰ ਇਕੱਲੇ ਨੂੰ ਜਾਣ ਦਿਓ।"

ਗੁਰੂ ਸਾਹਿਬ ਉਹਦੀ ਜਿੱਦ ਅੱਗੇ ਮੰਨ ਗਏ।

ਸੰਙਣੇ ਜੰਗਲ ਵਿੱਚ ਜਾ ਰਹੇ ਸਨ ਕਿ ਰਸਤੇ ਵਿਚ ਇਕ ਯੋਗ ਥਾਂ ਦੇਖ ਗੁਰੂ ਸਾਹਿਬ ਬੈਠ ਨਿਰੰਕਾਰ ਦਾ ਧਿਆਨ ਕਰ ਰਹੇ ਸਨ ਕਿ ਮਰਦਾਨਾ ਫਲ ਮੇਵੇ ਦੀ ਤਲਾਸ਼ ਵਿਚ ਗਾਡੀ ਰਾਹ ਤੋਂ ਦੂਰ ਪਰੇ ਜੰਗਲ ਵਿਚ ਚਲਾ ਗਿਆ। ਜਾਣੀ ਜਾਣ ਗੁਰੂ ਨੇ ਹਾਲਾਂ ਮਰਦਾਨੇ ਨੂੰ ਵਰਜਿਆ ਸੀ ਪ੍ਰਚੱਲਤ ਰਾਹ ਤੋਂ ਹਟਵਾਂ ਨਹੀ ਜਾਣਾ, ਕਿਉਕਿ ਸੰਙਣਾ ਜੰਗਲੀ ਇਲਾਕਾ ਸੀ। ਪਰ ਚੰਚਲ ਮੰਨ ਕਿਥੇ ਮੰਨਦਾ ਹੈ। ਫਲਾਂ ਦੇ ਲਾਲਚ ਵਿੱਚ ਰਾਹ ਤੋਂ ਜਿਵੇ ਹਟਵਾ ਹੋਇਆ ਮਰਦਾਨਾ ਭੀਲ ਜੰਗਲੀ ਕਬੀਲੇ ਦੇ ਸ਼ਿਕਾਰੀਆਂ ਦੇ ਕਾਬੂ ਆ ਗਿਆ। ਇਹ ਜੰਗਲੀ ਆਦਿ ਵਾਸੀ ਲੋਕ ਅੱਜ ਵੀ ਹਰ ਜਾਨਵਰ ਖਾ ਜਾਂਦੇ ਹਨ। ਉਹਨਾਂ ਵੇਲਿਆਂ 'ਚ ਕਾਬੂ ਆਇਆ ਬੰਦਾ ਵੀ ਨਹੀ ਸਨ ਛਡਦੇ।

ਮਰਦਾਨੇ ਨੂੰ ਫੜ ਕੇ ਆਪਣੀ ਬਸਤੀ ਲੈ ਗਏ। ਜਿੱਥੇ ਉਨਾਂ ਦਾ ਕੌਡਾ ਨਾਂ ਦਾ ਮੁੱਖੀਆ ਸ਼ਿਕਾਰ ਨੂੰ ਵੇਖ ਬਹੁਤ ਪ੍ਰਸੰਨ ਹੋਇਆ। ਸ਼ਿਕਾਰ ਵੀ ਪ੍ਰਦੇਸੀ ਜਿਸ ਦਾ ਨੇੜੇ ਤੇੜੇ ਕੋਈ ਪਿੰਡ ਗਰਾਂ ਨਹੀ ਸੀ। ਸਾਰੀ ਬਸਤੀ ਵਿੱਚ ਤਿਉਹਾਰ ਜਿਹਾ ਮਹੌਲ ਬਣ ਗਿਆ। ਤਿਆਰੀਆਂ ਸ਼ੁਰੂ ਹੋ ਗਈਆਂ ਮਨੁੱਖੀ ਮਾਸ ਬਣਾਉਣ ਖਾਣ ਦੀਆਂ। ਕੜਾਹਾ ਤੇ ਅੱਗ ਤਿਆਰ ਕਰ ਲਈ ਗਈ। ਬੱਚੇ ਮਰਦਾਨੇ ਦੇ ਸਰੀਰ ਨਾਲ ਖੇਡਾਂ ਕਰ ਰਹੇ ਸਨ। ਮਸਤ ਹੋ ਰਹੇ ਸਨ। ਓਧਰ ਮਰਦਾਨੇ ਨੇ ਮੰਨ ਹੀ ਮੰਨ ਵਿੱਚ ਗੁਰੂ ਅੱਗੇ ਫਰਿਆਦ ਕੀਤੀ ਕਿ ਤੇਰਾ ਸੇਵਾਦਾਰ ਫਿਰ ਫਸ ਗਇਆ ਈ। ਅੱਜ ਰੱਖ ਲੈ ਫਿਰ ਹੁਕਮ ਅਦੂਲੀ ਨਹੀ ਕਰਾਂਗਾ।

ਓਧਰ ਜਦੋਂ ਮਰਦਾਨਾਂ ਕੁਝ ਦੇਰ ਵਾਪਸ ਨਾਂ ਪਰਤਿਆ ਤਾਂ ਗੁਰੂ ਸਾਹਿਬ ਮਰਦਾਨੇ ਦਾ ਖੁਰਾ ਨੱਪਦੇ ਹੋਏ ਜਾ ਭੀਲਾਂ ਦੀ ਬਸਤੀ ਵਿੱਚ ਸਤਿ ਕਰਤਾਰ, ਧੰਨ ਨਿਰੰਕਾਰ ਦਾ ਜੈਕਾਰਾ ਛੱਡ ਦਿੱਤਾ। ਭੀਲ ਇੱਕ ਦਮ ਤ੍ਰਭਕ ਗਏ ਕਿ ਜਰੂਰ ਪਿੱਛੇ ਕੋਈ ਪੁਲਸ ਜਾਂ ਫੌਜੀ ਹੋਣਗੇ, ਜਿਹੜਾ ਇਸ ਸਾਧੂ ਨੇ ਇਨੇ ਆਤਮ ਵਿਸ਼ਵਾਸ਼ ਨਾਲ ਸਾਨੂੰ ਆ ਲਲਕਾਰਿਆ ਹੈ।

ਗੁਰੂ ਸਾਹਿਬ ਦੀ ਸ਼ਖਸੀਅਤ ਵੇਖ ਕੇ ਕੌਡੇ ਨੇ ਝੱਟ ਬਹਿਣ



ਜੱਬਲ ਪੁਰ (ਮੱਧ ਪ੍ਰਦੇਸ਼) ਵਿਚ ਗੁਰਦੁਆਰਾ ਮੜਾਤਾਲ ਹੈ। ਇਥੋਂ ਦੀ ਸੰਗਤ ਦਾ ਮੁੱਖੀ ਖ਼ੁੱਦ ਭਾਈ ਕੌਡਾ ਭੀਲ ਹੋਇਆ ਹੈ। ਵਕਤ ਪਾ ਕੇ ਇਥੇ ਦਾ ਕੰਟਰੋਲ ਉਦਾਸੀ ਸਾਧੂਆਂ ਕੋਲ ਗਇਆ। ਸਥਾਨਕ ਰਵਾਇਤ ਅਨੁਸਾਰ ਇਥੇ ਹੀ ਕੌਡੇ ਰਾਖਸ਼ ਵਾਲੀ ਘਟਨਾ ਘਟੀ ਸੀ। - (ਤਸਵੀਰ ਗੁਰਦੀਪ ਸਿੰਘ ਮਲਹੋਤਰਾ)

ਪੈੜ ਸੱਚ

⊙ਕਿਰਪਾਲ ਸਿੰਘ (ਪੰਨਾ 85) ਨੇ ਇਹ ਘਟਨਾ ਕੇਰਲਾ ਦੇਸ ਵਿੱਚ ਹੋਣ ਦੀ ਗਲ ਕਹੀ ਹੈ ਜੋ ਗਲਤ ਹੈ। ਪਹਿਲੀ ਗਲ ਤਾਂ ਕੌਡਾ ਨਾ ਭੀਲ ਕਬੀਲੇ ਵਿੱਚ ਘਰ ਘਰ ਵਿੱਚ ਹੈ ਤੇ ਦੂਸਰਾ ਜੱਬਲਪੁਰ ਵਿੱਚ ਇਹ ਸਥਾਨਕ ਰਵਾਇਤ ਹੈ ਕਿ ਇਹ ਘਟਨਾਂ ਜਬਲ ਪੁਰ ਵਿੱਚ ਹੀ ਵਾਪਰੀ ਸੀ। ਕਿਉਕਿ ਕੌਡਾ ਬਾਦ ਵਿਚ ਗੁਰਮਤ ਦਾ ਵੱਡਾ ਪ੍ਰਚਾਰਕ ਬਣਿਆ ਜੱਬਲਪੁਰ ਵਿਚ ਉਸ ਦੀ ਯਾਦ ਵਿਚ ਪੁਰਾਤਨ ਗੁਰਦੁਆਰਾ ਸਾਹਿਬ ਵੀ ਮੌਜੂਦ ਹੈ।

ਵਾਸਤੇ ਕਿਹਾ। ਏਨੇ ਨੂੰ ਕੌਡੇ ਦੇ ਸੇਵਕਾਂ ਨੇ ਦੁਹਾਈ ਦੇ ਦਿੱਤੀ ਕਿ ਮੱਚਦੀ ਅੱਗ ਦਾ ਭਾਂਬੜ ਇੱਕ ਦਮ ਬੁੱਝ ਗਇਆ ਹੈ। ਗੁਰੂ ਸਾਹਿਬ ਨੇ ਘਬਰਾਏ ਹੋਏ ਕੌਡੇ ਨੂੰ ਕਿਹਾ ਕਿ ਇਹ ਕੀ ਜ਼ੁਲਮ ਕਰ ਰਹੇ ਹੋ? ਕੌਡਾ ਕਹਿੰਦਾ ਕਿ ਇਥੇ ਜੰਗਲ ਵਿੱਚ ਅਸੀ ਜੀਵ ਜੰਤੂ ਤੇ ਫਲ ਫਰੂਟ ਤੇ ਹੀ ਨਿਰਭਰ ਹਾਂ। ਸਾਹਿਬ ਨੇ ਕਿਹਾ ਕਿ ਇਹ ਤਾਂ ਠੀਕ ਹੈ ਪਰ ਕਦੀ ਕੋਈ ਸ਼ਿਕਾਰੀ ਜਾਨਵਰ ਆਪਣੀ ਜਿਣਸ ਨੂੰ ਵੀ ਖਾਂਦਾ ਹੈ ? ਕੀ ਕਦੀ ਸ਼ੇਰ, ਸ਼ੇਰ ਨੂੰ ਖਾਂਦਾ ਵੇਖਿਆ? ਕੀ ਕੁੱਤਾ ਕੁੱਤੇ ਨੂੰ ਖਾਂਦਾ ਹੈ? ਕੌਡੇ ਦੀਆਂ ਅੱਖਾਂ ਖੋਲੀਆਂ ਕਿ ਤੁਸੀ ਲੋਕ ਸਵੱਰਗ ਵਿੱਚ ਰਹਿ ਕੇ ਵੀ ਨਰਕ ਵਾਲੀਆਂ ਗੱਲਾਂ ਕਰਦੇ ਹੋ। ਨਿਰੰਕਾਰ ਦੇ ਭਾਣੇ ਵਿੱਚ ਆਓ।

ਗੁਰੂ ਸਾਹਿਬ ਦੇ ਚਮਤਕਾਰੀ ਲਫਜ਼ਾਂ ਨੂੰ ਸੁਣ ਕੇ ਕੌਡਾ ਗੁਰੂ ਸਾਹਿਬ ਦੇ ਚਰਨਾਂ ਤੇ ਆ ਡਿੱਗਾ। ਸਾਰੀ ਬਸਤੀ ਹੌਲੀ ਹੌਲੀ ਗੁਰੂ ਸਾਹਿਬ ਦੇ ਚਰਨੀ ਲੱਗੀ। ਗੁਰੂ ਸਾਹਿਬ ਨੇ ਇਨਾਂ ਜੰਗਲੀ ਲੋਕਾਂ ਨੂੰ ਨਿਰੰਕਾਰ ਦੇ ਨਾਂ ਨਾਲ ਜੋੜਿਆ ਤੇ ਹੋਰ ਉਲ ਜਲੂਲ ਜਿਹੜੇ ਓਨਾਂ ਦੇ ਭਗਤੀ ਦੇ ਤਰੀਕੇ ਸੀ ਉਨਾਂ ਬਾਰੇ ਦੱਸ ਕੇ ਉਨਾਂ ਨੂੰ ਵਰਜਿਆ। ਮੰਨਿਆ ਜਾਂਦਾ ਹੈ ਕਿ ਇਸ ਕੌਡੇ ਭੀਲ ਨੂੰ ਇਲਾਕੇ ਦੀ ਮੰਜੀ ਬਖਸ਼ੀ ਤੇ ਸਿੱਖੀ ਦਾ ਪ੍ਰਚਾਰਕ ਥਾਪਿਆ।*

ਜਨਮ ਸਾਖੀਆਂ ਵਿੱਚ ਆਉਦਾ ਹੈ ਕਿ ਗੁਰੂ ਸਾਹਿਬ ਫਿਰ ਕੁਝ ਦਿਨ ਏਸੇ ਬਸਤੀ ਵਿੱਚ ਰਹੇ। ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਦੂਰੋਂ ਨੇੜਿਓ ਹੋਰ ਵੀ ਜੰਗਲੀ ਲੋਕ ਆ ਉਮਡੇ। ਇਥੇ ਹੀ ਗੁਰੂ ਸਾਹਿਬ ਦੀ ਬਾਰ ਬਾਰ ਨਿਰੰਕਾਰ ਨਾਲ ਲਿਵ ਲਗਿਆ ਕਰੇ ਤੇ ਇਥੇ ਹੀ ਅਕਾਲ ਪੁਰਖ ਦੀ ਉਸਤਤ ਵਿੱਚ ਅਨੇਕਾਂ ਸ਼ਬਦ ਰਚੇ।:-

ਗਉੜੀ ਗੁਆਰੇਰੀ ਮਹਲਾ ੧ ॥ ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥ ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥ ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥ ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥ ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥ ਸਾਗਰਿ ਡੂਗਰਿ ਨਿਰਭਉ ਐਸਾ ॥੪॥ ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥ ਸਬਦਿ ਪਛਾਨੈ ਤੀਨੇ ਭਉਨ ॥੫॥ ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥ ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥ ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥

ਸੁਭਾਵਕ ਹੈ ਕਿ ਗੁਰੂ ਸਾਹਿਬ ਦਾ ਉਪਦੇਸ਼ ਕੁਝ ਸਾਲ ਤਾਂ ਇਨਾਂ ਜੰਗਲੀ ਲੋਕਾਂ ਦੇ ਮਨਾਂ ਵਿੱਚ ਰਿਹਾ। ਕੌਡੇ ਨੇ ਨੇੜੇ ਤੇੜੇ ਪ੍ਰਚਾਰ ਕੀਤਾ। ਪਰ ਉਸ ਤੋਂ ਬਾਦ ਹੌਲੀ ਹੌਲੀ ਇਹਨਾਂ ਜੰਗਲੀ ਲੋਕਾਂ ਨੇ ਨਿਰੰਕਾਰ ਦੀ ਪੂਜਾ ਛੱਡ ਕੇ ਫਿਰ ਬੱਦਲ, ਬਿਜਲੀ, ਸੂਰਜ, ਦਰੱਖਤਾਂ ਦੀ ਪੂਜਾ ਆਦਿ ਸ਼ੁਰੂ ਕਰ ਦਿੱਤੀ। ਜਰੂਰਤ ਸੀ ਬੀਜੇ ਹੋਏ ਬੀ ਤੇ ਮੁੜ ਪਾਣੀ ਦੇਣ ਦੀ। ਜਿਥੋ ਪੰਥ ਪਛੜ ਗਿਆ। ਕੌਡੇ ਰਾਖਸ਼ ਦੀ ਯਾਦ ਵਿੱਚ ਜੱਬਲਪੁਰ ਵਿਖੇ ਬਹੁਤ ਖੂਬਸੂਰਤ ਗੁਰਦੁਆਰਾ ਮੜ੍ਹਾਤਾਲ ਸਾਹਿਬ ਮੌਜੂਦ ਹੈ।

ਇਥੇ ਹੀ ਨਰਮਦਾ ਦੇ ਕੰਢੇ ਇਕ ਜੋਗੀ ਮੱਠ ਵਿਚ ਸਰਬੰਗ ਜੋਗੀ ਨਾਂ ਦੇ ਇਕ ਸੰਨਿਆਸੀ ਮਹੰਤ ਨਾਲ ਗੁਰੂ ਸਾਹਿਬ ਦੀ ਗੋਸ਼ਟੀ ਹੋਈ। ਗੁਰੂ ਸਾਹਿਬ ਦੀ ਬਖਸ਼ਸ਼ ਸਦਕਾ ਫਿਰ ਜੋਗੀ ਵੀ ਸ਼ਬਦ ਵਿਹੂਣੇ ਧਿਆਨ ਲਾਉਣੇ ਛੱਡ ਕੇ ਗੁਰਮਤ ਦੇ ਲੜ ਲੱਗਾ ਤੇ ਜੀਵਨ ਪ੍ਰਚਾਰ ਵਿਚ ਗੁਜਾਰਿਆ। ਇਥੇ ਵੀ ਅੱਜ ਨਰਬਦਾ ਕੰਢੇ ਗੁਰਦੁਆਰਾ ਸਾਹਿਬ ਸ਼ੁੱਸ਼ੋਭਿਤ ਹੈ ਗਾਵਾਰੀ ਘਾਟ।

-----◈-----

## ਜਦੋਂ ਮਰਦਾਨਾ ਬਘਿਆੜ ਤੋਂ ਡਰਿਆ

ਅਮਰਕੰਟਕ ਤੋਂ ਗੁਰੂ ਸਾਹਿਬ ਜਬਲਪੁਰ ਵਾਲੇ ਪਾਸੇ ਨੂੰ ਜਾ ਰਹੇ ਸਨ ਤਾਂ ਜਿਵੇ ਉਤੇ ਆਇਆ ਕਿ ਕੌਡੇ ਭੀਲ ਵਾਲੀ ਘਟਨਾ ਘਟੀ। ਇਲਾਕਾ ਘਣਾ ਜੰਗਲ ਸੀ। ਮਰਦਾਨੇ ਦੇ ਮੰਨ ਦਾ ਡਰ ਉੱਤਰ ਚੁੱਕਾ ਸੀ। ਗੁਰੂ ਸਾਹਿਬ ਮਸਤੀ 'ਚ ਗਾਉਦੇ ਆਪਣੀਆਂ ਰਚਨਾਵਾਂ ਨੂੰ ਸਵਾਰਦੇ ਚਲਦੇ। ਕਦੀ ਮਰਦਾਨਾ ਵੀ ਰਬਾਬ ਨਾਲ ਸਾਥ ਦਿੰਦਾ। ਅਕਸਰ ਮਰਦਾਨਾ ਸਫਰ 'ਚ ਗੁਰੂ ਸਾਹਿਬ ਤੋਂ ਕਦੀ ਅੱਗੇ ਨਿਕਲ ਜਾਇਆ ਕਰਦਾ ਸੀ। ਕਦੀ ਪਿੱਛੇ ਵੀ ਚਲਣਾ। ਭੋਜਨ ਤੇ ਹੋਰ ਖਾਣ ਤੇ ਪਾਣੀ ਦੀ ਜਿੰਮੇਵਾਰੀ ਮਰਦਾਨੇ ਦੀ ਹੀ ਹੁੰਦੀ। ਜੰਗਲ ਵਿੱਚ ਸਫਰ ਦੇ ਦੌਰਾਨ ਮਰਦਾਨਾ ਨੇੜੇ ਤੇੜੇ ਦੇ ਫਲ ਤੋੜਦਾ। ਅੱਜ ਵੀ ਕੁਝ ਅਜਿਹਾ ਹੀ ਹੋਇਆ। ਮਰਦਾਨਾ ਥੋੜਾ ਅੱਗੇ ਨਿਕਲ ਆਇਆ ਤੇ ਅਚਾਨਕ ਕੀ ਵੇਖਦਾ ਹੈ ਕਿ ਪਹੇ ਵਿੱਚ ਇੱਕ ਬਘਿਆੜ ਸੁੱਤਾ ਪਿਆ ਹੈ। ਮਰਦਾਨੇ ਦਾ ਸਾਹ ਅੰਦਰ ਦਾ ਅੰਦਰ ਤੇ ਬਾਹਰ ਦਾ ਬਾਹਰ ਹੀ ਖਲੋ ਗਿਆ। ਹਿੰਮਤ ਕਰਕੇ ਫਿਰ ਪਰਤਿਆਂ ਤੇ ਹੌਲੀ ਹੌਲੀ ਬਿਨਾਂ ਅਵਾਜ ਕੀਤੇ ਆ ਗੁਰੂ ਸਾਹਿਬ ਨੂੰ ਖਬਰ ਦਿੱਤੀ। ਨਾਲ ਹੀ ਫਿਰ ਸ਼ਕਾਇਤ ਕਰ ਦਿੱਤੀ ਕਿ "ਕਿਹੜੇ ਜੰਜਾਲ 'ਚ ਬਾਬਾ ਤੂੰ ਮੈਨੂੰ ਪਾਇਆ ਹੋਇਆ ਈ। ਮਰਦਾ ਮਰਦਾ ਮਸਾਂ ਹੀ ਬਚਿਆ ਮੈ।"

ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ। ਬਾਲਣ ਲਈ ਤੀਲੇ ਇਕੱਠੇ ਕੀਤੇ ਤੇ ਪੱਥਰ ਨਾਲ ਅੱਗ ਬਾਲੀ। ਮਸ਼ਾਲ ਬਣਾਈ। ਗੁਰੂ ਸਾਹਿਬ ਨੇ ਖੱਬੇ ਹੱਥ ਮਸ਼ਾਲ ਫੜੀ ਤੇ ਸੱਜੇ ਹੱਥ ਬਰਛਾ ਫੜ ਮਰਦਾਨੇ ਨੂੰ ਮਗਰ ਮਗਰ ਆਉਣ ਵਾਸਤੇ ਕਿਹਾ। ਨਾਲ ਹੀ ਮਰਦਾਨੇ ਦਾ ਡਰ ਲਾਹੁੰਦਿਆਂ ਹੋਇਆਂ ਉੱਚੀ ਉੱਚੀ ਕੀਰਤਨ ਸ਼ੁਰੂ ਕਰ ਦਿੱਤਾ।

ਮਹਲਾ ੧ ॥ ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ ॥੧॥ ਭਾਈ ਰੇ ਭਵਜਲੁ ਬਿਖਮੁ ਡਰਾਂਉ ॥ ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥੧॥ ਰਹਾਉ ॥ ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥ ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥੨॥ ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥ ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥ ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥੩॥ ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥ ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥ ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥੪॥ ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥ ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥ ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥੫॥ ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥ ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥ ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥੬॥ ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥ ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥ ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥ ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥ ਮਨਮੁਖ

ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥

ਬਘਿਆੜ ਨੇ ਜਦੋਂ ਅਵਾਜ ਸੁਣੀ ਤਾਂ ਡਰ ਕੇ ਪਰਾਂ ਹੋ ਗਿਆ। ਗੁਰੂ ਸਾਹਿਬ ਤੇ ਮਰਦਾਨਾ ਅੱਗੇ ਵਧਦੇ ਗਏ। ਇਸ ਮੌਕੇ ਮਰਦਾਨੇ ਨੂੰ ਆਪਣੇ ਘਰ ਦੀ ਵੀ ਬਹੁਤ ਯਾਦ ਆਈ ਸੀ। ਸਾਹਿਬ ਨੇ ਮਰਦਾਨੇ ਨੂੰ ਜੀਵਨ ਦੀ ਸੱਚਾਈ ਦੱਸੀ ਕਿ ਬੰਦਿਆ ਇੱਕ ਦਿਨ ਜਾਣਾਂ ਹੀ ਪੈਣਾ ਹੈ ਐਨਾ ਡਰਿਆ ਵੀ ਨਾਂ ਕਰ। ਮਰਦਾਨੇ ਨੂੰ ਸਮਝਾਇਆ ਕਿ ਜੋ ਇਹ ਸੱਚਾਈ ਜਾਣ ਲਏ ਗੁਰੂ ਦੇ ਲੜ੍ਹ ਲਗਿਆਂ ਉਹਦਾ ਡਰ ਲਹਿ ਜਾਂਦਾ ਹੈ। ਬਸ ਨਾਮ ਦੇ ਆਸਰੇ ਚਲਦੇ ਜਾਣਾ ਹੈ। ਜੋ ਜਿੰਮੇਵਾਰੀ ਨਿਰੰਕਾਰ ਨੇ ਲਾਈ ਹੈ ਉਹ ਨਿਭਾਉਣੀ ਹੈ। ਅੱਗਲੇ ਪੜਾਅ ਤੇ ਰੁਕੇ ਤਾਂ ਮਰਦਾਨੇ ਨੇ ਨਿਮਾਣੇ ਹੋ ਕੇ ਗੁਰੂ ਸਾਹਿਬ ਦੇ ਚਰਨ ਫੜ੍ਹ ਲਏ ਤੇ ਆਪਣੇ ਆਪ ਨੂੰ ਭਾਗਾਂ ਵਾਲਾ ਕਿਹਾ ਕਿ ਮੈਨੂੰ ਅਜਿਹੇ ਪੈਗੰਬਰ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

ਇਸ ਇਲਾਕੇ ਵਿੱਚ ਰਾਜਾ ਸੰਗਰਾਮ ਸ਼ਾਹ ਦਾ ਰਾਜ ਸੀ ਜਿਹਦੀ ਨੂੰਹ ਦੁਰਗਾਵਤੀ ਦੀ ਬਹਾਦਰੀ ਦੀਆਂ ਕਹਾਣੀਆਂ ਮੱਧ ਪ੍ਰਦੇਸ ਵਿੱਚ ਪੜ੍ਹਾਈਆਂ ਜਾਂਦੀਆਂ ਹਨ।

ਗੁਰੂ ਸਾਹਿਬ ਸੰਗਰਾਮ ਸ਼ਾਹ ਨੂੰ ਮਿਲੇ। ਪਰ ਸਬੂਤ ਨਹੀ ਮਿਲਦਾ ਕਿ ਉਹ ਉਨੂੰ ਮਾਂਡਲਾ ਮਿਲੇ ਜਾਂ ਜਬਲਪੁਰ ਜਾਂ ਨਰਸਿੰਘਪੁਰ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਨਰਸਿੰਘਪੁਰ ਤੇ ਜਬਲ ਪੁਰ ਦੋਵੀ ਥਾਂਈ ਗੁਰਦੁਆਰਾ ਸਾਹਿਬ ਮੌਜੂਦ ਨੇ। ਸੋ ਜਬਲਪੁਰ ਤੋਂ ਨਰਸਿੰਘਪੁਰ, ਓਸ਼ੋ ਰਜਨੀਸ਼ ਦੇ ਸ਼ਹਿਰ ਗਾਡਰਵਾੜਾ, (ਅੱਜ ਦਾ) ਪਿੱਪਰੀਆ, (ਅੱਜ ਦਾ) ਹੋਸ਼ੰਗਾਬਾਦ, ਤੋਂ ਭੋਪਾਲ ਨੂੰ ਪਹੁੰਚ ਰਹੇ ਸਨ।

-----◈-----

## "ਵਣਜਾਰਿਆ ਮਿਤ੍ਰਾ" ਵਾਲਾ ਟਾਂਡਾ

ਹੁਸ਼ੰਗਾਬਾਦ ਦੇ ਪੂਰਬ 50 ਕਿ. ਮੀ ਦੀ ਵਿੱਥ ਤੇ ਇੱਕ ਛੋਟਾ ਪੁਰਾਣਿਕ ਸ਼ਹਿਰ ਸੋਹਾਗਪੁਰ ਹੈ। ਇਥੇ ਵਣਜਾਰਿਆ ਦੀ ਬਸਤੀ ਦੇ ਲਾਗੇ ਗੁਰੂ ਸਾਹਿਬ ਬਿਰਾਜੇ ਹੋਏ ਸਨ। ਵਣਜਾਰੇ ਨੱਚ ਗਾ ਰਹੇ ਸਨ। ਢੋਲ ਢਮੱਕੇ ਵੱਜ ਰਹੇ ਸਨ। ਸੁਣ ਕੇ ਮਰਦਾਨੇ ਦਾ ਮੰਨ ਵੀ ਖੁਸ਼ ਹੋ ਗਿਆ ਕਿ ਜਰੂਰ ਕਿਤੇ ਖੁਸ਼ੀਆਂ ਮਨਾਈਆ ਜਾ ਰਹੀਆਂ ਹਨ। ਮਰਦਾਨਾ ਉਸ ਖੁਸ਼ੀ ਵਾਲੇ ਘਰ ਦੇ ਬਾਹਰ ਪਹੁੰਚ ਕੇ ਲੱਗਾ ਸਤਿਨਾਮ ਸਤਿ ਕਰਤਾਰ ਦਾ ਅਵਾਜਾ ਦੇਣ। ਖੁਸ਼ੀਆਂ ਵਿਚ ਮਸਤ ਹੋਏ ਵਣਜਾਰਿਆਂ 'ਚੋਂ ਕਿਸੇ ਨੇ ਮਰਦਾਨੇ ਵਲ ਧਿਆਨ ਨਾ ਦਿੱਤਾ। ਬਹਿ ਖਲੋ, ਅੱਕ ਕੇ ਮਰਦਾਨਾ ਖਾਲੀ ਹੱਥ ਵਾਪਸ ਆ ਗਿਆ। ਆ ਕੇ ਗੁਰੂ ਸਾਹਿਬ ਨੂੰ ਦੱਸਿਆ ਅੱਜ ਤਾਂ ਫੋਕਾ ਹੀ ਪਰਤਿਆਂ ਹਾਂ। ਉਹ ਵਣਜਾਰਿਆ ਦੀ ਬਸਤੀ ਹੈ ਤੇ ਅਗਲੇ ਮੁੰਡਾ ਜੰਮਣ ਦਾ ਧਮਾਣ ਕਰ ਰਹੇ ਹਨ। ਉਹਨਾਂ ਨੂੰ ਧਮਾਲ ਦੀ ਮਸਤੀ ਤੋਂ ਹੀ ਵਿਹਲ ਨਹੀ।

ਕਰਨੀ ਰੱਬ ਦੀ। ਅੱਗਲੇ ਹੀ ਦਿਨ ਉਹ ਮੁੰਡਾ ਮਰ ਗਿਆ ਜਿਸ ਦੇ ਜਨਮ ਦੀ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਘਰ ਵਿਚ ਰੋਣ ਪਿੱਟਣ ਚਲ ਰਹਿਆ ਸੀ। ਲੋਕ ਆ ਆ ਅਫਸੋਸ ਕਰ ਰਹੇ ਸਨ।

ਹੁਣ ਵਣਜਾਰਿਆਂ ਨੇ ਗਵਾਂਢ ਵਿਚ ਬੈਠੇ ਸਾਧੂ ਫਕੀਰਾਂ ਦੀ ਵੀ ਸਾਰ ਲਈ। ਦੂਰ ਦੂਰ ਤਕ ਘੁੰਮਣ ਵਾਲੇ ਇਹ ਵਣਜਾਰੇ ਮੂਲ ਵਿਚ ਮਾਰਵਾੜੀ ਬਣੀਏ ਸਨ। ਇਨਾਂ ਦੇ ਮੁਖੀਆ ਸਮੇਤ ਸਭ ਨੂੰ ਗੁਰੂ ਸਾਹਿਬ ਨੇ ਭਾਣੇ ਵਿਚ ਚਲਣ ਦਾ ਉਪਦੇਸ਼ ਦਿਤਾ। ਅਕਾਲ ਪੁਰਖ ਦੀ ਖੇਡ ਬਾਰੇ ਸਮਝਾਉਂਦੇ ਹੋਏ ਇਥੇ ਗੁਰੂ ਸਾਹਿਬ ਨੇ ਇਹ ਸ਼ਬਦ ਕਿਹਾ:-

ੴ ਸਤਿਗੁਰ ਪ੍ਰਸਾਦਿ ॥ ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥ ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥ ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥ ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥ ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥ ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥ ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥ ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥ ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥ ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥ ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥ ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥ ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥ ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥ ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥ ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥ ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥ ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥ ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥ ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥ ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

ਗੁਰੂ ਸਾਹਿਬ ਸ਼ਬਦ ਗਾਉਦੇ ਸਨ ਤੇ ਹਰ ਪਹਿਰੇ ਪਿਛੇ ਵਿਆਖਿਆ ਕਰਦੇ ਸਨ।

ਵਣਜਾਰਿਆਂ ਦੀਆਂ ਹੁਣ ਅੱਖਾਂ ਖੁੱਲ ਗਈਆਂ ਸਨ। ਸਮਝ ਆ ਗਿਆ ਸੀ ਕਿ ਖੁਸ਼ੀਆਂ ਵਿਚ ਇਨਸਾਨ ਨੂੰ ਹੋਸ਼ ਹੀ ਨਹੀ ਗਵਾ ਦੇਣੀ ਚਾਹੀਦੀ। ਰੱਬ ਦੀ ਰਜਾ ਵਿਚ ਚਲਣ ਵਾਲਾ ਮਨੁੱਖ ਨਾਂ ਤਾਂ ਜਿਆਦਾ ਗਮਗੀਨ ਹੁੰਦਾ ਅਤੇ ਨਾਂ ਹੀ ਖੁਸ਼ੀਆਂ ਵਿਚ ਦੀਵਾਨਾ।

ਇਥੇ ਹੁਣ ਤਕ ਗੁਰਦੁਆਰਾ ਮੌਜੂਦ ਹੈ ਜਿੱਥੇ ਪੁਰਾਤਨ ਹੱਥ ਲਿਖਤ ਗੁਰੂ ਗਰੰਥ ਸਾਹਿਬ ਵੀ ਮੌਜੂਦ ਸਨ ਜੋ ਪਿੱਛੇ ਜਿਹੇ ਧਿਆਨ ਸਿੰਘ ਨਾਂ ਦਾ ਕੋਈ ਵਿਅੱਕਤੀ ਲੈ ਆਇਆ ਹੈ। ਇਥੇ ਸਾਹਿਬ ਦੀ ਪੱਥਰ ਤੇ ਚਰਨ ਪਾਦੁਕਾ ਵੀ ਮੌਜੂਦ ਹੈ। ਸੋਹਾਗਪੁਰ ਵਿਖੇ ਵੀ ਇੱਕ ਪਹਾੜੀ ਤੇ ਸ਼ਨੀ ਦੀ ਪੂਜਾ ਤੇ ਬੜਾ ਜੋਰ ਸੀ। ਇਥੇ ਵੀ ਗੁਰੂ ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਮਿਥਹਾਸ ਵਿੱਚ ਨਾਂ ਪਓ। ਨਿਰੰਕਾਰ ਦੇ ਲੜ ਲੱਗੋ ਜੋ ਨਿਤ ਨਵਾਂ ਹੈ।



ਸੋਹਾਗਪੁਰ ਵਿੱਚ ਚਰਨ ਪਾਦੁਕਾ (ਤਸਵੀਰ ਗੁਰਦੀਪ ਸਿੰਘ ਮਲਹੋਤਰਾ)

ਜਿਵੇਂ ਕਿ ਪਹਿਲਾਂ ਹੁੰਦਾ ਆਇਆ ਹੈ ਵਣਜਾਰੇ ਤਾਂ ਇਥੇ ਕੁਝ ਚਿਰ ਨਿਵਾਸ ਕਰਨ ਉਪਰੰਤ ਹੋਰ ਕਿਤੇ ਹਿਜਰਤ ਕਰ ਗਏ ਉਪਰੰਤ ਨੀਵੀ ਜਾਤ ਵਾਲਿਆਂ ਨੇ ਗੁਰੂ ਸਾਹਿਬ ਦੀ ਇਥੇ ਪ੍ਰੰਪਰਾ ਸਾਂਭ ਲਈ। ਪਾਕਿਸਤਾਨ ਤੋਂ ਆ ਕੇ ਕੁਝ ਖੱਤਰੀ ਪ੍ਰਵਾਰਾਂ ਦੇ ਇਥੇ ਵੱਸਣ ਤੋਂ ਪਹਿਲਾਂ ਸਿੱਖੀ ਵਿਰਸੇ ਦੀ ਸਾਂਭ ਸਾਹੂ ਗੋਤ ਦੇ ਤੇਲੀਆਂ ਨੇ ਕੀਤੀ ਹੋਈ ਸੀ। ਪਰ ਬਦਕਿਸਮਤੀ ਨਾਲ ਸਾਡਾ ਸਿੱਖ ਗੁਰੂ ਵਾਲੀ ਸੋਚ ਨਹੀ ਪਾਲ ਸਕਿਆ। ਗੁਰੂ ਨੇ ਤਾਂ ਨੀਵਿਆਂ ਨੂੰ ਗਲ ਲਾਇਆ ਸੀ ਪਰ ਸਿੱਖ ਨੇ ਦੱਬੇ ਕੁਚਲੇ ਲੋਕਾਂ ਨੂੰ ਹੌਲੀ ਹੌਲੀ ਪਰੇ ਧੱਕ ਦਿੱਤਾ।

ਸੋਹਾਗਪੁਰ ਵਿੱਚ 19ਵੀ ਸਦੀ ਵਿਚ ਗੁਰੂ ਨਾਨਕ ਸਾਹਿਬ ਦੇ ਨਾਂ ਤੇ ਜਮੀਨ ਰਾਜੇ ਨੇ ਲਵਾਈ ਜਿਥੇ ਸਥਾਨਕ ਵਸਨੀਕਾਂ ਨੇ ਗੁਰੂ ਸਾਹਿਬ ਦੇ ਨਾਂ ਤੇ ਸਕੂਲ ਖੋਲ ਰੱਖਿਆ ਹੈ। ਪਰ ਅੱਜ ਸਿਰਫ ਦੋ ਸਿੱਖ ਪ੍ਰਵਾਰ ਇਸ ਕਸਬੇ ਵਿੱਚ ਰਹਿੰਦੇ ਹਨ। ਸੋਹਾਗਪੁਰ (ਨਰਸਿੰਗਪੁਰ) ਤੋਂ 100 ਕਿ.ਮੀ. ਤੇ ਹੋਸ਼ੰਗਾਬਾਦ 50 ਕਿ.ਮੀ. ਹੈ।(ਨਕਸ਼ਾ ਸੂਚਕ -22.701, 78.19)

-----◈-----

## ਹੋਸ਼ੰਗਾਬਾਦ ਤੋਂ 70 ਕਿ.ਮੀ. ਚਲ ਕੇ ਸਾਹਿਬ ਭੋਪਾਲ ਪਹੁੰਚੇ।

ਜਦੋਂ ਗੁਰੂ ਸਾਹਿਬ ਨੇ ਭੋਪਾਲ ਨਗਰੀ ਵਿੱਚ ਚਰਨ ਪਾਏ ਓਦੋਂ ਇਥੋਂ ਦਾ ਰਾਜ ਕੋਈ ਜਿਆਦਾ ਮਹੱਤਵਪੂਰਨ ਨਹੀ ਸੀ। ਇਹੋ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਦੇ ਦਿਨਾਂ ਵਿੱਚ ਇਥੇ ਸੂਫੀ ਫਕੀਰ ਪਹੁੰਚ ਕੇ ਇਸਲਾਮ ਦਾ ਪ੍ਰਚਾਰ ਕਰ ਰਹੇ ਸਨ। ਓਨੀ ਦਿਨੀ ਰਾਜਾ ਭੋਜ ਦੀ ਨਗਰੀ ਭੁਪਾਲ ਵਿਖੇ ਕੋਈ ਰੋਗੀ ਕੁਰਲਾ ਰਿਹਾ ਸੀ। ਤੇ ਉਚੀ ਉਚੀ ਰੋਇਆ ਕਰਦਾ ਸੀ ਕਿ ਬਾਬਾ ਜੀ ਤੁਸੀ ਕਦੋਂ ਆਉਗੇ ਤੇ ਮੇਰੇ ਜਾਨ ਛੁੱਟੇਗੀ। ਓਥੇ ਪਹੁੰਚ ਗੁਰੂ ਸਾਹਿਬ ਨੇ ਰੋਗੀ ਦਾ ਰੋਗ



ਟੇਕਰੀ ਸਾਹਿਬ ਭੋਪਾਲ ਦੀ ਦਰਸ਼ਨੀ ਡਿਓੜੀ। ਗੁਰਦੁਆਰਾ ਸਾਹਿਬ ਤੇ ਚਰਨ ਪਾਦੁਕਾ ਦੀ ਤਸਵੀਰ ਨਹੀ ਮਿਲ ਸਕੀ।

ਪੈੜ ਸਫਾ

◉ ਗਿਆਨੀ -155 ਤੇ ਅਧਾਰਿਤ। ਮੂਲ ਸਾਖੀ ਬਾਲਾ-134, ਪੁਰਾਤਨ-65 ਵਿਚ ਮੌਜੂਦ ਹੈ।

ਕਿਰਪਾਲ-42 ਨੇ ਇਹ ਸਾਖੀ ਰੁਹੇਲਖੰਡ ਨਾਲ ਜੋੜ ਦਿਤੀ ਕਿਉਕਿ ਇਥੇ ਹੀ ਨਗਰ ਟਾਂਡੇ ਵਿਚ ਗੁਰੂ ਸਾਹਿਬ ਬਾਲਕ ਦੇ ਰੂਪ ਵਿਚ ਤਿੰਨ ਵਾਰੀ ਵਿਕੇ ਸਨ। ਧਿਆਨ ਰਹੇ ਸੋਹਾਗਪੁਰ ਦਾ ਬਕਾਇਦਾ ਸਿੱਖੀ ਨਾਲ ਜੁੜਦਾ ਇਤਹਾਸ ਹੈ। ਓਥੇ ਬਕਾਇਦਾ ਪ੍ਰੰਪਰਾ ਅਤੇ ਗੁਰਦੁਆਰਾ ਵੀ ਹੈ (ਹੁੰਦਾ ਸੀ)।

ਸੁਚੇਤ ਰਹਿਣਾ ਇਕ ਸੋਹਾਗਪੁਰ ਸ਼ਹਿਡੋਲ ਲਾਗੇ ਵੀ ਹੈ।

ਸਰੋਤ - ਤਵਾਰੀਖ ਖਾਲਸਾ ਪੰਨਾ 132

ਗਿਆਨੀ ਜੀ ਨੇ ਗੁਰੂ ਸਾਹਿਬ ਦਾ ਸਾਗਰ (ਐਮ ਪੀ) ਵੀ ਜਾਣਾ ਲਿਖਿਆ ਹੈ ਜੋ ਦਰੁਸਤ ਨਹੀ ਲੱਗਦਾ ਕਿਉਕਿ ਸਾਗਰ ਨਗਰ ਦੀ ਨੀਂਹ 1660 ਈ. ਵਿੱਚ ਰਾਜਾ ਉਡੇਣ ਸ਼ਾਹ ਅਹੀਰ ਨੇ ਰੱਖੀ ਸੀ।

ਏਸੇ ਤਰਾਂ ਗੁਰੂ ਸਾਹਿਬ ਵੇਲੇ ਪਚਮੜੀ (ਪਿਪਰੀਆ) ਦੀ ਕੋਈ ਅਹਿਮੀਅਤ ਨਹੀ ਸੀ। ਕਿਉਕਿ 16ਵੀ ਸਦੀ ਵਿੱਚ ਪਚਮੜੀ ਦਾ ਕੋਈ ਇਤਹਾਸ ਨਹੀ ਮਿਲਦਾ। ਓਥੇ ਬੋਧੀ ਗੁਫਾਵਾਂ ਤਾਂ ਮੌਜੂਦ ਨੇ ਪਰ ਕੋਈ ਪ੍ਰਸਿਧ ਹਿੰਦੂ ਸਥਾਨ ਨਹੀ ਹੈ। ਕਹਿਣ ਤੋਂ ਮਤਲਬ 16ਵੀ ਸਦੀ ਵਿੱਚ ਪਚਮੜੀ ਕੋਈ ਪ੍ਰਸਿਧ ਸਥਾਨ ਨਹੀ ਸੀ ਰਹਿ ਗਿਆ। ਇਹ ਬੇਚਰਾਗ ਹੋ ਚੁੱਕਾ ਸੀ ਤੇ ਸਿਰਫ ਅੰਗਰੇਜਾਂ ਨੇ ਹੀ ਇਹਦੀ ਪਹਾੜੀ ਖੂਬਸੂਰਤੀ ਪਛਾਣ ਕੇ ਇਨੂੰ ਫਿਰ ਟੂਰਿਸਟ ਜਗਾ ਬਣਾ ਦਿੱਤਾ।

ਕੱਟਿਆ। ਗੁਰੂ ਸਾਹਿਬ ਦੀ ਯਾਦ ਵਿੱਚ ਛੋਟੀ ਪਹਾੜੀ (ਟੇਕਰੀ) ਤੇ ਗੁਰਦੁਆਰਾ ਮੌਜੂਦ ਹੈ ਜਿੱਥੇ ਉਨਾਂ ਦੀ ਆਮਦ ਵਿੱਚ ਯਾਦਗਾਰ ਵਜੋਂ ਗੁਰੂ ਸਾਹਿਬ ਦੇ ਪੈਰ ਦਾ ਨਿਸ਼ਾਨ ਪੱਥਰ ਤੇ ਬਣਿਆ ਹੋਇਆ ਹੈ। ਇਸ ਲਿਖਾਰੀ ਨੇ ਇਸ ਅਸਥਾਨ ਦੇ ਦਰਸ਼ਨ ਸੰਨ 1984 ਵਿੱਚ ਕੀਤੇ ਸਨ।

-----◈-----

## ਨਾਚ ਗਾਣੇ ਦੇ ਹਨੇਰੇ ਵਿੱਚ ਡੁੱਬੀ ਚੰਦੇਰੀ ਤੇ ਚੜ੍ਹਿਆ ਚੰਨ

ਭੋਪਾਲ ਤੋਂ ਗੁਰੂ ਸਾਹਿਬ ਓਨਾਂ ਦਿਨਾਂ ਦੀ ਪ੍ਰਸਿਧ ਰਾਜਧਾਨੀ ਚੰਦੇਰੀ ਪਹੁੰਚੇ। ਚੰਦੇਰੀ ਭੋਪਾਲ ਤੋਂ ਕੋਈ 175 ਕਿਲੋਮੀਟਰ ਉਤਰ ਪਾਸੇ ਹੈ। ਵਕਤ ਵਕਤ ਦੀਆਂ ਗੱਲਾਂ ਨੇ ਕਿਸੇ ਵੇਲੇ ਇਸ ਸ਼ਹਿਰ ਦੀ ਅਹਿਮੀਅਤ ਦਿਲੀ ਆਗਰਾ ਦੇ ਬਰਾਬਰ ਸੀ। ਚੰਦੇਰੀ ਦਾ ਜਿਕਰ ਬਕਾਇਦਾ ਮਹਾਂਭਾਰਤ ਵਿੱਚ ਵੀ ਮਿਲਦਾ ਹੈ। 10ਵੀ ਸਦੀ ਦੇ ਪ੍ਰਸਿਧ ਇਤਹਾਸਕਾਰ ਅਲ ਬਿਰੂਨੀ ਨੇ ਵੀ ਚੰਦੇਰੀ ਬਾਰੇ ਲਿਖਿਆ ਹੈ। ਜਦੋਂ ਸਾਹਿਬ ਆਏ, ਚੰਦੇਰੀ ਤੇ ਓਦੋਂ ਲੋਧੀ ਪਠਾਣ ਰਾਜੇ ਦਾ ਰਾਜ ਸੀ।

ਜਦੋਂ ਗੁਰੂ ਸਾਹਿਬ ਨੇ ਸ਼ਹਿਰ ਵਿੱਚ ਚਰਨ ਪਾਏ ਓਦੋਂ ਇਥੇ ਇੱਕ ਵੱਖਰਾ ਹੀ ਸਭਿਆਚਾਰ ਪਣਪ ਚੁੱਕਾ ਸੀ। ਮਸਤੀ 'ਚ ਗਾਣਾ ਵਜਾਉਣਾ ਇੱਕ ਲਹਿਰ ਬਣੀ ਹੋਈ ਸੀ। ਰਾਜਾ ਤੇ ਸ਼ਾਹੀ ਪ੍ਰਵਾਰ ਇਸ ਲਹਿਰ ਵਿੱਚ ਪੂਰੀ ਤਰਾਂ ਡੁੱਬੇ ਰਹਿੰਦੇ ਸਨ। ਸ਼ਾਸਤਰੀ ਸੰਗੀਤ ਪੂਰੀ ਮਸਤੀ ਨਾਲ ਗਾਇਆ ਜਾਂਦਾ ਸੀ। ਇਹ ਮਸਤੀ ਫਿਰ ਇਸ ਹੱਦ ਤੱਕ ਪਹੁੰਚ ਗਈ ਕਿ ਗਵੱਈਆਂ ਨੇ ਸ਼ੁਦਾਈਆਂ ਵਾਲਾ ਰੂਪ ਅਖਤਿਆਰ ਕਰ ਲਿਆ। ਕਮਲ ਕੁੱਟਣਾ ਇੱਕ ਫੈਸ਼ਨ ਬਣ ਗਇਆ ਸੀ। ਪ੍ਰਸਿਧ ਗਾਇਕ ਬੈਜੂ ਬਾਵਰਾ ਜਾਂ ਬੈਜੂ ਸ਼ੁਦਾਈ ਇਨਾਂ ਦਿਨਾਂ ਵਿੱਚ ਹੀ ਇਥੇ ਚੰਦੇਰੀ ਵਿੱਚ ਹੀ ਹੋਇਆ ਹੈ। ਓਹ ਗਾਣਾ ਵਜਾਉਣਾ ਜਿਸ ਦਾ ਨਿਸ਼ਾਨਾ ਸਿਰਫ ਲੋਕਾਂ ਨੂੰ ਖੁਸ਼ ਕਰਕੇ ਪੈਸਾ ਇਕੱਠਾ ਕਰਨਾਂ ਹੈ ਵਿਅੱਰਥ ਹੈ, ਜੇ ਗਾਣੇ ਵਿੱਚ ਅਕਾਲ ਪੁਰਖ ਦਾ ਸ਼ੁਕਰਾਨਾ ਜਾਂ ਉਸਤਤ ਨਹੀ ਹੈ ਤਾਂ ਐਵੇਂ ਢਿੱਡ ਭਰਨ ਵਾਲੀ ਹੀ ਗਲ ਹੈ। ਤਾਂ ਹੀ ਤੇ ਗੁਰੂ ਸਾਹਿਬ ਨੇ ਆਸਾ ਦੀ ਵਾਰ ਦੀ ਹੇਠਲੀ ਪਉੜੀ ਚੰਦੇਰੀ ਵਿਖੇ ਹੀ ਰਚੀ।

ਮਃ ੧ ॥ ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨ੍ਹਿ ਸਿਰ ॥ ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥ ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥ .....(ਪੂਰਾ ਸ਼ਬਦ ਪੜੋ ਅੰਗ 465 ਸਗਗਸ)

ਨਾਚ ਗਾਣੇ ਐਸ਼ੋ ਅਰਾਮ ਵਿੱਚ ਡੁੱਬੇ ਚੰਦੇਰੀ ਨੂੰ ਫਿਰ ਛੇਤੀ ਹੀ ਰਾਣਾ ਸਾਂਗਾ ਨੇ ਆ ਕਾਬੂ ਕੀਤਾ। ਰਾਣਾ ਸਾਂਗਾ ਨੇ ਮੇਦਨੀ ਰਾਇ ਨੂੰ ਇਥੇ ਰਾਜਾ ਬਣਾ ਦਿੱਤਾ। ਮਗਰੋਂ ਜਨਵਰੀ 1528 ਈ. ਨੂੰ ਬਾਬਰ ਨੇ ਰਾਜਪੂਤ ਰਾਜੇ ਮੇਦਨੀ ਰਾਇ ਦਾ ਕੰਮ ਤਮਾਮ ਕਰ

ਦਿੱਤਾ। ਬਾਬਰ ਨੇ ਰਾਜਪੂਤਾਂ ਵਿੱਚ ਸਾਕੇ ਦੀ ਰਸਮ ਬਾਰੇ ਜੋ ਲਿਖਿਆ ਹੈ ਉਹ ਸਾਕਾ ਇਥੇ ਹੀ ਵਾਪਰਿਆ ਜਦੋਂ ਰਾਤ ਨੂੰ ਮੇਦਨੀ ਰਾਇ ਦੀਆਂ ਰਾਣੀਆਂ ਤੇ ਬੱਚਿਆਂ ਨੇ ਅਗਨ ਕੁੰਡ ਵਿੱਚ ਛਾਲਾਂ ਮਾਰ ਕੇ ਜਾਨ ਦਿੱਤੀ। ਇਸ ਰਸਮ ਨੂੰ ਜੌਹਰ ਕਹਿੰਦੇ ਨੇ। ਸਵੇਰੇ ਫਿਰ ਰਾਜਪੂਤਾਂ ਨੇ ਉਸ ਕੁੰਡ ਦੀ ਸਵਾਹ ਨੂੰ ਮੱਥੇ ਤੇ ਲਾ ਕੇ ਲੜ ਮਰਨ ਦੀ ਕਸਮ ਖਾਧੀ। ਇਸ ਸਾਰੀ ਘਟਨਾ ਨੂੰ ਸਾਕਾ ਕਿਹਾ ਜਾਂਦਾ ਹੈ।

ਯਾਦ ਰਹੇ ਪ੍ਰਸਿਧ ਕਮਲੇ ਗਾਇਕ ਬੈਜੂ ਬਾਵਰਾ ਦੀ ਸਮਾਧ ਵੀ ਇਥੇ ਚੰਦੇਰੀ ਵਿੱਚ ਹੀ ਹੈ।

ਚੰਦੇਰੀ ਦੇ ਨਾਲ ਹੀ ਪਿੰਡ ਹੈ ਜਿੱਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਓਥੇ ਅੱਜ ਪਿੰਡ ਵਸਿਆ ਹੋਇਆ ਹੈ ਤੇ ਪਿੰਡ ਦਾ ਨਾਂ ਨਾਨਕਪੁਰਾ ਹੈ।

ਚੰਦੇਰੀ ਵਿਖੇ ਗੁਰੂ ਸਾਹਿਬ ਹੋਰ ਵੀ ਇਲਾਹੀ ਕੌਤਕ ਕੀਤੇ ਹੋਣਗੇ ਜੋ ਇਤਹਾਸ ਵਿੱਚ ਦਰਜ ਨਹੀ ਹੋ ਸਕੇ।

ਚੰਦੇਰੀ ਤੋਂ ਗੁਰੂ ਸਾਹਿਬ ਗਵਾਲੀਅਰ ਗਏ। (ਚੰਦੇਰੀ ਦੇ ਨੇੜੇ ਤੇੜੇ ਪਿੰਡਾਂ ਵਿਚ ਤਾਂ ਸਿੱਖ ਵਸੋਂ ਹੈ ਪਰ ਚੰਦੇਰੀ ਵਿਚ ਗੁਰੂ ਸਾਹਿਬ ਦੀ ਕੋਈ ਯਾਦਗਾਰ ਨਹੀ ਹੈ।)

-----◈-----

**ਗਵਾਲੀਅਰ**–ਗਵਾਲੀਅਰ ਵਿਖੇ ਗੁਰੂ ਸਾਹਿਬ ਇਥੋਂ ਦੇ ਹੁਕਮਰਾਨ ਨੂੰ ਸਤਿਨਾਮ ਦੀ ਅਹਿਮੀਅਤ ਸਮਝਾਈ ਅਤੇ ਸਥਾਨਕ ਧਾਰਮਿਕ ਮੁੱਖੀਆਂ ਨੂੰ ਮਿਲ ਕੇ ਕਰਮ ਕਾਂਡ ਤਿਆਗਣ ਤੇ ਨਾਮ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਦਾ ਡੇਰਾ, ਕਿਲੇ ਦੇ ਪੱਛਮ ਵਾਲੇ ਦਵਾਰ ਦੇ ਕੋਲ ਸੀ। ਸੰਨ 1930 ਈ. ਵੇਲੇ ਤੱਕ ਗੁਰੂ ਸਾਹਿਬ ਦੀ ਯਾਦਗਾਰ ਮੌਜੂਦ ਸੀ।⊙

-----◈-----

**ਧੌਲਪੁਰ** - ਗਵਾਲੀਅਰ ਤੋਂ ਸਾਹਿਬ ਧੌਲਪੁਰ ਪਹੁੰਚੇ। ਧੌਲਪੁਰ ਦੀ ਰਿਆਸਤ ਤੇ ਵੀ ਗੁਰੂ ਸਾਹਿਬ ਦੇ ਪਹੁੰਚਣ ਤੋਂ ਚੋਖਾ ਚਿਰ ਪਹਿਲੋਂ ਸੁਲਤਾਨ ਸਿਕੰਦਰ ਲੋਧੀ ਦਾ ਰਾਜ ਹੋ ਚੁੱਕਾ ਸੀ। ਧੌਲਪੁਰ ਦੇ ਰਾਜਾ ਵਿਨਾਇਕ ਦੇਵ ਨੇ ਸਾਲ ਭਰ ਚੰਗਾ ਮੁਕਾਬਲਾ ਕੀਤਾ ਸੀ ਪਰ 1502 ਵਿੱਚ ਉਹ ਹਾਰ ਗਿਆ। ਸੁਲਤਾਨ ਰਾਜਿਆਂ ਦਾ ਸੋਚਣਾ ਸੀ ਕਿ ਜੇ ਮਾਲਵਾ (ਗਵਾਲੀਅਰ, ਉਜੈਨ, ਧਾਰ, ਮਾਂਡੋ) ਨੂੰ ਜਿਤਣਾ ਹੈ ਤਾਂ ਪਹਿਲਾਂ ਧੌਲਪੁਰ ਦਾ ਕੰਢਾ ਕੱਢਣਾ ਪਊ। ਚੰਬਲ ਦੇ ਕੰਢੇ ਸਥਿਤ ਇਸ ਰਿਆਸਤ ਨੂੰ ਜਿੱਤਣਾ ਓਨੀ ਦਿਨੀਂ ਮੁਸ਼ਕਲ ਗਿਣਿਆ ਜਾਂਦਾ ਸੀ। ਇਸੇ ਨੂੰ ਜਿੱਤਣ ਤੋਂ ਬਾਦ ਹੀ ਸੁਲਤਾਨ ਰਾਜਿਆਂ ਨੂੰ ਧਿਆਨ ਆਇਆ ਕਿ ਰਾਜਧਾਨੀ ਦਿੱਲੀ ਦੀ ਬਿਜਾਏ ਇਥੇ ਕਿਤੇ ਰੱਖੀ ਜਾਏ ਤਾਂ ਹੀ ਫਿਰ ਓਦੋਂ ਆਗਰਾ ਨੂੰ ਰਾਜਧਾਨੀ ਬਣਾਇਆ ਗਇਆ ਸੀ। ਆਗਰਾ ਓਦੋਂ ਇੱਕ ਪਿੰਡ ਹੀ ਸੀ।◈ ਸ਼ੇਰ ਸ਼ਾਹ ਸੂਰੀ ਨੇ ਵੀ ਧੌਲਪੁਰ ਨੂੰ ਹੀ ਅਹਿਮੀਅਤ ਦਿੱਤੀ ਸੀ ਤੇ ਓਥੇ ਹੀ ਕਿਲ੍ਹਾ ਸ਼ੇਰਗੜ੍ਹ ਬਣਾਇਆ ਸੀ। ਧੌਲਪੁਰ ਵਿਖੇ ਛੇਵੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਦਾ ਆਉਣਾ ਵੀ ਇਤਹਾਸ ਵਿੱਚ ਹੈ। ਲੱਗਦਾ ਓਦੋਂ ਤੱਕ ਗੁਰੂ ਨਾਨਕ ਦੀ ਧੌਲਪੁਰ ਵਿਖੇ ਖੜੀ ਕੀਤੀ ਗਈ ਸਿੱਖ ਸੰਗਤ ਮੌਜੂਦ ਸੀ।

-----◈-----

**ਆਗਰਾ** - ਧੌਲਪੁਰ ਤੋਂ ਗੁਰੂ ਸਾਹਿਬ ਆਗਰਾ ਕਸਬੇ ਪਹੁੰਚੇ। ਇਥੇ ਇੱਕ ਪੀਲੂ ਦੇ ਰੁੱਖ ਥੱਲੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ। ਇੱਕ ਬਜੁਰਗ ਮਾਈ ਜੋ ਹਰ ਆਏ ਗਏ ਸਾਧੂ ਦੀ ਸੇਵਾ ਕਰਦੀ ਸੀ ਨੇ ਗੁਰੂ ਸਾਹਿਬ ਨੂੰ ਲੰਗਰ ਪਾਣੀ ਛਕਾਇਆ। ਗੁਰੂ ਸਾਹਿਬ ਦੀ ਆਮਦ ਵੇਲੇ ਮਾਈ ਦਾ ਪੋਤਰਾ ਸੱਖਤ ਬੀਮਾਰ ਸੀ ਜੋ ਗੁਰੂ ਸਾਹਿਬ ਦੇ ਅਸ਼ੀਰਵਾਦ ਸਦਕਾ ਨੌ ਬਰ ਨੌ ਹੋ ਗਿਆ। ਇਲਾਕੇ ਵਿੱਚ ਇਸ ਗਲ ਦੀ ਦੁਹਾਈ ਪੈ ਗਈ। ਹੁੰਮ ਹੁੰਮਾ ਕੇ ਦਰਦਵੰਦ ਦੁੱਖੀ ਤੇ ਜਗਿਆਸੂ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਪਹੁੰਚੇ। ਸਾਹਿਬ ਨੇ ਸਭ ਨੂੰ ਨਾਮ ਦਾ ਓਟ ਆਸਰਾ ਲੈਣ ਦਾ ਉਪਦੇਸ਼ ਕੀਤਾ ਤੇ ਕਿਹਾ ਕਿ ਕਰਮ ਕਾਂਡ ਧਰਮ ਦੇ ਰਸਤੇ ਤੇ ਵਿਅੱਰਥ ਹਨ ਇਨਾਂ ਨੂੰ ਤਿਆਗੋ।

ਇਸ ਥਾਂ ਤੇ ਸਾਹਿਬ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਨਾਨਕ ਪਾਰਾ, ਅੱਜ ਸ਼ਹਿਰ ਦੇ ਪੁਰਾਣੇ ਅਤੇ ਤੰਗ ਇਲਾਕੇ ਵਿਚ ਮੁਜੱਫਰ ਬਾਗ ਰੋਡ ਤੇ ਮੌਜੂਦ ਹੈ (ਨਕਸ਼ਾ ਸੂਚਕ 27.194347, 78.005373)

ਇਹੋ ਲੱਗਦਾ ਹੈ ਜਗਨ ਨਾਥ ਪੁਰੀ ਤੋਂ ਗੁਰੂ ਸਾਹਿਬ ਨੇ ਤਹਿ ਕਰ ਲਿਆ ਸੀ ਕਿ ਮਥੁਰਾ ਮੇਲੇ ਤੇ ਪਹੁੰਚਣਾ ਹੈ।

—▲—

ਪੈੜ ਸੂਹ

⊙ ਸਾਈਕਲ ਯਾਤਰੀ- 102 ਅਨੁਸਾਰ ਕੋਈ ਇੰਦਰ ਸਿੰਘ ਨਾਂ ਦਾ ਗਵਾਲੀਅਰ ਦਾ ਸਿੱਖ, ਬੇਈਮਾਨੀ ਕਰਕੇ, ਇਸ ਥਾਂ ਤੋਂ ਗੁਰੂ ਗ੍ਰੰਥ ਸਾਹਿਬ ਚੁੱਕ ਲਿਆਇਆ ਸੀ। ਹੋ ਸਕਦਾ ਹੈ ਬਾਦ ਵਿੱਚ ਗੁਰਦੁਆਰਾ ਬੰਦ ਕਰ ਦਿੱਤਾ ਹੋਵੇ।

ਕੋਹਲੀ ਨੇ ਗੁਰੂ ਸਾਹਿਬ ਦਾ ਬਾਰਨ (ਰਾਜਸਥਾਨ) - ਕਪਿਲ ਧਾਰਾ (ਨਕਸ਼ਾ ਸੂਚਕ: 24.971238, 76.803070) ਵੀ ਜਾਣਾ ਲਿਖਿਆ ਹੈ। ਲੱਗਦੈ ਕੋਹਲੀ ਨੂੰ ਗਲਤ ਫਹਿਮੀ ਹੋ ਗਈ। ਕਪਿਲ ਰਿਸ਼ੀ ਦਾ ਮੁੱਖ ਇਤਹਾਸਿਕ ਸਥਾਨ ਅਮਰਕੰਟਕ ਹੈ ਜਿੱਥੇ ਉਸ ਦਾ ਆਸ਼ਰਮ ਤੇ ਝਰਨਾ (ਧਾਰਾ) ਵੀ ਹੈ। ਜਿੱਥੇ ਗੁਰੂ ਸਾਹਿਬ ਪਹਿਲਾਂ ਹੋ ਆਏ ਹਨ। ਏਸੇ ਤਰਾਂ ਓਨਾਂ ਨੇ ਗੁਰੂ ਸਾਹਿਬ ਦਾ ਕਰੌਲੀ ਜਾਣਾ ਵੀ ਲਿਖਿਆ ਹੈ ਪਰ ਸਾਨੂੰ ਸਾਹਿਬ ਦੇ ਕਰੌਲੀ ਜਾਣ ਤੇ ਵੀ ਸ਼ੱਕ ਹੈ ਕਿਉਕਿ ਕਰੌਲੀ ਦੀ ਅਜੇ ਓਨੀ ਅਹਿਮੀਅਤ ਨਹੀ ਸੀ। ਨਾਲੇ ਰਾਹ ਤੋਂ ਬਿਲਕੁਲ ਇਕ ਪਾਸੇ ਪੈ ਜਾਂਦਾ ਹੈ। ਦੂਜਾ ਕੋਹਲੀ ਨੇ ਗੁਰੂ ਸਾਹਿਬ ਦੇ ਕਰੋਲੀ ਜਾਣ ਬਾਬਤ ਕਿਸੇ ਸਰੋਤ ਦਾ ਜਿਕਰ ਨਹੀ ਕੀਤਾ। ਹੋਰ ਖੋਜ ਦੀ ਜਰੂਰਤ ਹੈ।

ਕਰੌਲੀ ਰਿਆਸਤ ਓਦੋਂ 150 ਕੁ ਸਾਲ ਪੁਰਾਣੀ ਸੀ। ਪਰ ਇਥੋਂ ਦੇ ਯਾਦਵ ਰਾਜਾ ਦੀ ਮਸ਼ਹੂਰੀ ਚੰਗੀ ਸੀ। ਕਿਹਾ ਜਾਂਦਾ ਹੈ ਕਿ ਇਹ ਖਾਨਦਾਨ ਸਿੱਧਾ ਕ੍ਰਿਸ਼ਨ ਭਗਵਾਨ ਅੰਸ ਹਨ।

ਗਿਆਨੀ ਜੀ ਨੇ ਗੁਰੂ ਸਾਹਿਬ ਦਾ ਧੌਲਪੁਰ ਤੋਂ ਭਰਤਪੁਰ ਵੀ ਜਾਣਾ ਲਿਖਿਆ ਹੈ। ਕਿਉਕਿ ਗਿਆਨੀ ਜੀ ਨੇ ਖੁਦ ਹੀ ਗੁਰੂ ਸਾਹਿਬ ਦਾ ਨਾਰਨੌਲ ਤੇ ਰੋਹਤਕ ਜਾਣਾ ਲਿਖਿਆ ਹੈ। ਜਿਸ ਦਾ ਮਤਲਬ ਮਥੁਰਾ ਤੋਂ ਸਿੱਧੇ ਜਾਣ ਦੀ ਬਿਜਾਏ ਗੁਰੂ ਸਾਹਿਬ ਚੜ੍ਹਦੇ ਨੂੰ ਅਲਵਰ ਵਲ ਹੋ ਤੁਰੇ ਸਨ।

ਕਈਆਂ ਦਾ ਇਹ ਵੀ ਮੰਨਣਾ ਹੈ ਕਿ ਧੌਲਪੁਰ ਤੋਂ ਹੀ ਗੁਰੂ ਸਾਹਿਬ ਇਟਾਵਾ (ਯੂ ਪੀ) ਹੋ ਕੇ ਮਥੁਰਾ ਗਏ ਸਨ। ਇਸ ਬਾਬਤ ਅਜੇ ਹੋਰ ਖੋਜ ਦੀ ਜਰੂਰਤ ਹੈ। ਇਟਾਵਾ ਵਿਖੇ ਉਦਾਸੀ ਸਾਧੂਆਂ ਦੇ ਸਥਾਨ ਤਾਂ ਹੈਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਅਸਥਾਨ ਵੀ ਇਟਾਵਾ ਵਿੱਚ ਹੈ। ਇਹ ਗੁਰੂ ਨਾਨਕ ਦੀ ਫੇਰੀ ਬਾਰੇ ਅਜੇ ਤਸੱਲੀ ਨਹੀ ਹੁੰਦੀ। ਫਿਰ ਇਟਾਵਾ ਵਿਖੇ ਸਾਹਿਬ ਦੀ ਯਾਤਰਾ ਦੀ ਪ੍ਰੰਪਰਾ ਮੌਜੂਦ ਨਹੀ ਹੈ।

◈ Page 49- Early English Travellors in India - Ram Chander Parsad (Moti Lal Banarasi Das)

# ਮਥੁਰਾ ਤੋਂ ਪੱਖੋਕੇ

## ਕ੍ਰਿਸ਼ਨ ਕਨੱਈਆ ਦੇ ਸ਼ਹਿਰ ਮਥੁਰਾ ਪਹੁੰਚ ਗਇਆ ਬਾਬਾ ਨਾਨਕ (ਅਗਸਤ 1512)

ਲੁੱਚਪੁੱਣੇ ਨੂੰ ਜਾਇਜ ਠਹਿਰਾਉਦਿਆਂ ਪੰਡਤਾਂ ਨੇ ਕਿਹਾ "ਕੀ ਕਰੀਏ ਜੀ ਕਲਜੁਗ ਦਾ ਪਹਿਰਾ ਹੈ। "

ਜਗਨ ਨਾਥ ਪੁਰੀ ਵਿਖੇ ਹੀ ਚੈਤੰਨਿਆ ਮਹਾਂਪ੍ਰਭੂ ਨੇ ਗੁਰੂ ਸਾਹਿਬ ਨੂੰ ਖਬਰ ਦਿੱਤੀ ਕਿ ਪੰਡਿਆਂ ਦੀਆਂ ਗੰਦੀਆਂ ਕਰਤੂਤਾਂ ਕਰਕੇ ਬਾਦਸ਼ਾਹ ਸਿਕੰਦਰ ਲੋਧੀ ਨੂੰ ਬਹਾਨਾ ਮਿਲ ਗਇਆ ਮਥੁਰਾ ਸ਼ਹਿਰ ਲੁੱਟਣ ਤੇ ਤਬਾਹ ਕਰਨ ਦਾ। ਚੈਤੰਨਿਆ ਨੇ ਦੱਸਿਆ ਕਿ ਕਿਵੇ ਕ੍ਰਿਸ਼ਨ ਜਨਮ ਭੂੰਮੀ ਦਾ ਮੁਖ ਮੰਦਰ ਕੇਸ਼ਵਕੁੰਜ (?) ਤਬਾਹ ਕਰ ਦਿੱਤਾ ਗਇਆ ਹੈ। ਜਗਨ ਨਾਥ ਪੁਰੀ ਗੁਰੂ ਸਾਹਿਬ ਮਾਰਚ ਦੇ ਮਹੀਨੇ ਵਿੱਚ ਸਨ ਤੇ ਮਥੁਰਾ ਦਾ ਮੇਲਾ ਭਾਦਰੋਂ ਦੇ ਮਹੀਨੇ (ਅਗਸਤ) ਜਨਮ ਅਸ਼ਟਮੀ ਤੇ ਲੱਗਦਾ ਹੈ। ਉਂਜ ਮਥੁਰਾ ਦੀ ਲੱਠ ਮਾਰ ਹੋਲੀ (ਮਾਰਚ ਮਹੀਨਾ) ਵੀ ਮਸ਼ਹੂਰ ਹੈ।

ਇਥੇ ਪਹੁੰਚ ਪੰਡਿਆਂ ਨਾਲ ਅਫਸੋਸ ਵੀ ਕੀਤਾ ਤੇ ਓਨਾਂ ਨੂੰ ਅਹਿਸਾਸ ਦੁਆਇਆ ਕਿ " ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ " ਇਹ ਪੰਡੇ ਕਾਮ ਵਾਸ਼ਨਾ ਵਿੱਚ ਅੰਨੇ ਹੋਏ, ਕ੍ਰਿਸ਼ਨਾ ਲੀਲਾ ਦੇ ਨਾਮ ਹੇਠ ਕਾਮ ਨੂੰ ਮੰਦਰ ਦੇ ਗਰਭ ਗ੍ਰਿਹ ਤੱਕ ਲੈ ਗਏ ਸਨ। ਹੱਦ ਦਰਜੇ ਦਾ ਲੁੱਚਪੁਣਾ ਲੀਲਾ ਦੇ ਨਾਂ ਹੇਠ ਚਲ ਰਿਹਾ ਸੀ। ਓਦੋਂ ਇੱਕ ਤਾਂ ਮੰਦਰਾਂ ਵਿੱਚ ਦਾਸੀਆਂ ਰੱਖੀਆਂ ਹੁੰਦੀਆਂ ਸਨ । ਫਿਰ ਪੰਡਿਆਂ ਨੇ ਆਮ ਸ਼ਰਧਾਲੂਆਂ ਦੀਆਂ ਧੀਆਂ ਭੈਣਾਂ ਨਾਲ ਵੀ ਮਾੜਾ ਸਲੂਕ ਅਰੰਭਿਆ ਹੋਇਆ ਸੀ। ਅਜਿਹੇ ਹਾਲਾਤਾਂ ਵਿੱਚ ਫਿਰ ਹੁਕਮਰਾਨ ਨੂੰ ਤਾਂ ਬਹਾਨਾ ਮਿਲਦਾ ਹੈ। (ਜਿਵੇ ਸੰਨ 2017 ਵਿੱਚ ਸਿਰਸੇ ਵਾਲੇ ਸਾਧ ਨਾਲ ਹੋਇਆ) ਜਿਵੇ ਕਹਿੰਦੇ ਕਿ ਅੰਨਾ ਕੀ ਭਾਲੇ ਦੋ ਅੱਖੀਆਂ, ਸਿਕੰਦਰ ਲੋਧੀ (1489 ਤੋਂ 1517 ਈ.) ਨੇ 1509-1510 ਈ 'ਚ ਕ੍ਰਿਸ਼ਨ ਮੰਦਰ ਤੁੜਵਾ ਕੇ ਇਥੇ ਮਸੀਤ ਬਣਵਾ ਦਿੱਤੀ ਸੀ।

ਕਿਉਕਿ ਬੁਰਾਈ ਦੀ ਜਦੋਂ ਆਦਤ ਪੈ ਜਾਵੇ ਤਾਂ ਥੋੜੀ ਕੀਤਿਆਂ ਸੁਧਰਦੀ ਨਹੀ। ਗੁਰੂ ਸਾਹਿਬ ਨੇ ਇਨਾਂ ਹਾਲਾਤਾਂ ਤੇ ਜਦੋਂ ਬਜੁਰਗ ਪੰਡਿਆਂ ਨਾਲ ਗਲ ਕੀਤੀ ਤਾਂ ਹਰ ਕਿਸੇ ਦਾ ਇਹੋ ਕਹਿਣਾ ਸੀ ਕਿ ਇਹ ਕਲਜੁਗ ਦਾ ਪਹਿਰਾ ਚਲ ਰਿਹਾ ਹੈ। ਹੁਣ ਤਾਂ ਇਹ ਕੁਝ ਹੀ ਹੋਵੇਗਾ। ਗੁਰੂ ਸਾਹਿਬ ਨੇ ਪੰਡਿਆਂ ਦੀ ਇਸ ਵਿਆਖਿਆ ਤੇ ਸਵਾਲ ਉਠਾਇਆ ਕਿ ਦੱਸੋ ਕਿਥੇ ਹੈ ਤੁਹਾਡਾ ਕਲਜੁਗ? ਮੈਨੂੰ ਤਾਂ ਸਭ ਕੁਝ ਪਹਿਲਾਂ ਵਾਲਾ ਕੁਦਰਤੀ ਨਿਜਾਮ ਹੀ ਨਜਰ ਆ ਰਿਹਾ ਹੈ। ਮੈਂਨੂੰ ਤਾਂ ਸਿਰਫ ਤੁਹਾਡੀ ਸੋਚ ਬਦਲੀ ਨਜਰ ਆ ਰਹੀ ਹੈ। ਮਰਦਾਨੇ ਨੇ ਰਬਾਬ ਛੇੜ ਦਿੱਤੀ ਤੇ ਸ਼ਬਦ ਆਇਆ:-

ਰਾਮਕਲੀ ਮਹਲਾ ੧ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥ ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥ ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥ ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥ ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥ ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥ ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥ ਆਖੁ ਗੁਣਾ ਕਲਿ ਆਈਐ ॥ ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥ ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥ ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥ ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥ ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥ ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥ ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥



ਜਮਨਾ ਘਾਟ। ਜਿਥੇ ਹਿੰਦੂ ਯਾਤਰੀ ਸਮਰਪਣ ਦੇ ਤੌਰ ਤੇ ਮੁੰਡਨ ਕਰਵਾਇਆ ਕਰਦੇ ਸਨ। ਬਾਦਸ਼ਾਹ ਸਿਕੰਦਰ ਲੋਧੀ ਨੇ ਮਥੁਰਾ ਦੇ ਮੁਖ ਮੰਦਰ ਨੂੰ ਢਾਹੁੰਣ ਉਪਰੰਤ ਫਰਮਾਨ ਜਾਰੀ ਕੀਤਾ ਕਿ ਜਮਨਾ ਦੇ ਕੰਢੇ ਕੋਈ ਮੁੰਡਨ ਸ਼ੁੰਡਨ ਨਹੀ ਕਰੇਗਾ। ਕੁਝ ਸਮੇਂ ਬਾਦ ਵੇਖਿਆ ਗਇਆ ਕਿ ਨਾਈਆਂ ਨੇ ਅਜੇ ਵੀ ਮੁੰਡਨ ਜਾਰੀ ਰੱਖਿਆ ਹੋਇਆ ਹੈ ਤੇ ਵਾਲ ਜਮਨਾ ਵਿਚ ਹੀ ਸੁੱਟ ਦਿੰਦੇ ਹਨ। ਇਹ ਸੁਣ ਕੇ ਬਾਦਸ਼ਾਹ ਨੂੰ ਬਹੁਤ ਗੁੱਸਾ ਆਇਆ ਤੇ ਉਸ ਨੇ ਮਥੁਰਾ ਵਿਖੇ ਮੁੰਡਨ ਕਰਦੇ ਸਾਰੇ ਨਾਈ ਹੀ ਕਤਲ ਕਰਵਾ ਦਿੱਤੇ।
ਇਥੇ ਹੀ ਘਾਟ ਤੇ ਗੁਰੂ ਸਾਹਿਬ ਦਾ ਯਾਦਗਾਰੀ ਸਥਾਨ ਗੁਰਦੁਆਰਾ ਗਊ ਘਾਟ ਹੁੰਦਾ ਸੀ ਜਿਸ ਨੂੰ 1984 'ਚ ਸਾੜ ਫੂਕ ਦਿੱਤਾ ਗਇਆ। ਵਿਡੰਬਣਾ ਵੇਖੋ ਕਿ ਓਸੇ ਗੁਰੂ ਨਾਨਕ ਦਾ ਸਥਾਨ ਢਾਹ ਦਿਤਾ ਗਇਆ ਜਿਸ ਨੇ ਸਿਕੰਦਰ ਲੋਧੀ ਦੇ ਜੁਲਮਾਂ ਖਿਲਾਫ ਮੁਹਿੰਮ ਛੇੜੀ ਹੋਈ ਸੀ।
ਦਰ ਅਸੱਲ ਕਿਸੇ ਕੌਮ ਦਾ ਅਸਲੀ ਕਿਰਦਾਰ ਉਦੋਂ ਪਤਾ ਲਗਦਾ ਹੈ ਜਦੋਂ ਉਹ ਤਾਕਤ ਵਿਚ ਹੁੰਦੀ ਹੈ।

ਇਥੇ ਵੇਖੋ ਪੰਡਤਾਂ ਦੀ ਤਾਂ ਖਬਰ ਲਈ ਹੀ ਹੈ ਨਾਲ ਸੁਲਤਾਨ ਸਿਕੰਦਰ ਲੋਧੀ ਬਾਰੇ ਵੀ ਇਸ਼ਾਰਾ ਦੇ ਦਿੱਤਾ ਹੈ। ਇਥੋ ਇਹ ਵੀ ਇਸ਼ਾਰਾ ਮਿਲਦਾ ਹੈ ਕਿ ਸ਼ਹਿਰ ਦਾ ਕੋਈ ਵੱਡਾ ਪੰਡਾ ਮੁਸਲਮਾਨ ਬਣ ਕੇ ਕਾਜੀ ਦੇ ਅਹੁਦੇ ਤੇ ਬੈਠਾ ਹੋਇਆ ਹੈ। ਧੁਰ ਗਰਮੀਆਂ ਦੇ ਦਿਨਾਂ ਵਿਚ ਆਉਣਾ ਵੀ ਤਸਦੀਕ ਹੋ ਰਿਹਾ ਹੈ; 'ਸੋਈ ਦਿਨੀਅਰੁ ਤਪਤ ਰਹੈ॥'

ਕੋਈ ਕ੍ਰਿਸ਼ਨ ਕੁਮਾਰ ਨਾਂ ਦਾ ਚੌਬੇ ਗੋਤ ਦਾ ਪੰਡਾ ਗੁਰੂ ਸਾਹਿਬ ਦੀ ਚਰਨੀ ਆ ਲੱਗਾ ਤੇ ਸਿੱਖੀ ਦਾ ਪ੍ਰਚਾਰਕ ਬਣਿਆ। ਇੱਕ ਸਦੀ ਪਹਿਲਾਂ ਤੱਕ ਇਸ ਦੇ ਪ੍ਰਵਾਰ ਦੇ ਲੋਕ ਸਿੱਖੀ ਦੇ ਧਾਰਨੀ ਸਨ। ਇਹਨਾਂ ਦੇ ਘਰ/ ਮੁਹੱਲੇ ਗੁਰਦੁਆਰਾ ਸਾਹਿਬ ਵੀ ਹੁੰਦਾ ਸੀ ਜੋ ਹੁਣ ਅਲੋਪ ਹੈ।

-----◆-----

## ਮਥਰਾ– ਨਿਰੰਜਨੀ ਸਾਧੂਆਂ ਕਿਹਾ ਬਾਬਾ ਜੀ ਸਾਡੇ ਵੀ ਪੱਲੇ ਕੁਝ ਪਾਓ

ਸੋਢੀ ਮਿਹਰਵਾਨ ਨੇ ਲਿਖਿਆ ਹੈ ਕਿ ਜਦੋਂ ਬਾਬਾ ਮਥਰਾ ਪਹੁੰਚਿਆ ਕੇਸ਼ਵ ਕੁੰਜ ਮੰਦਰ ਲਾਗੇ ਡੇਰਾ ਕੀਤਾ। ਇਲਾਕੇ ਵਿੱਚ ਦੁਹਾਈ ਮਚ ਗਈ ਕਿ ਅਮੀਰ ਘਰ ਦਾ ਸਾਧ ਹੋਇਆ ਓਹ

ਵਾਲਾ ਨਾਨਕ ਆ ਗਇਆ ਜੇ ਜਿਸ ਨੇ ਹਰਦੁਆਰ ਕਾਂਸ਼ੀ ਤੇ ਪ੍ਰਯਾਗ ਤੇ ਹੋਰਨੀ ਥਾਂਈ ਪੰਡਿਆਂ ਨੂੰ ਰਾਹੇ ਪਾਇਆ ਸੀ। ਸਭ ਸੰਤ ਮਹੰਤ ਗੁਰੂ ਨਾਨਕ ਨੂੰ ਸੁਣਨ ਨੂੰ ਇਕੱਠੇ ਹੋ ਗਏ। ਓਦੋਂ ਗੁਰੂ ਸਾਹਿਬ ਨੇ ਤੇੜ ਚਾਦਰ ਬੰਨੀ ਹੋਈ ਸੀ ਤੇ ਇੱਕ ਚਾਦਰ





**ਮਥਰਾ – ਖਾਰੇ ਪਾਣੀ ਦਾ ਖੂਹ ਮਿੱਠਾ ਕੀਤਾ।** ਇਥੇ ਗੁਰੂ ਸਾਹਿਬ ਜਿੱਥੇ ਰੁਕੇ ਸਨ ਉਹ ਥਾਂ ਗੁਰੂ ਨਾਨਕ ਬਗੀਚੀ ਕਹਾਈ। ਇਥੇ ਹੀ ਇੱਕ ਖੂਹ ਦਾ ਖਾਰਾ ਜਲ ਆਪ ਦੇ ਚੱਖਣ ਨਾਲ ਮਿਠਾ ਹੋਇਆ। ਇਹ ਥਾਂ ਮੁਖ ਕ੍ਰਿਸ਼ਨ ਜਨਮ ਅਸਥਾਨ ਦੇ ਲਾਗੇ ਹੀ ਹੈ ਤੇ ਜਮਨਾ ਦਰਿਆ ਕੋਈ ਡੇਢ ਕਿਲੋਮੀਟਰ ਹਟਵਾ ਵਹਿੰਦਾ ਹੈ। ਅੱਜ ਇਥੇ ਸੁੰਦਰ ਗੁਰਦੁਆਰਾ ਸਾਹਿਬ 'ਗੁਰੂ ਨਾਨਕ ਬਗੀਚੀ' ਮੌਜੂਦ ਹੈ ਤੇ ਉਹ ਖੂਹ ਵੀ ਮੌਜੂਦ ਹੈ ਜਿਸ ਦਾ

ਉਤੇ ਸੀ ਅਤੇ ਸਿਰ ਤੇ ਪਰਨਾ ਬੱਧਾ ਹੋਇਆ ਸੀ।

ਸੰਗਤ ਵਿੱਚ ਬੈਠੇ ਇੱਕ ਮਹੰਤ ਨੇ ਗੁਰੂ ਸਾਹਿਬ ਕੋਲੋਂ ਪੁੱਛਿਆ ਕਿ ਬਾਬਾ ਜੀ ਤੁਹਾਡਾ ਅਕਾਲ ਪੁਰਖ ਨਿਰੰਕਾਰ ਨਾਲ ਮੇਲ ਕਿਵੇ ਹੋਇਆ ਹੈ?

ਗੁਰੂ ਸਾਹਿਬ ਨੇ ਕਿਹਾ ਕਿ ਮਹੰਤ ਜੀ ਮੈਂ ਤਾਂ ਉਹਦੀ ਰਜਾ ਵਿੱਚ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਤਾਂ ਬਸ ਉਹਦਾ ਜਸ ਗਾਇਆ ਹੈ। ਮੈਂ ਤਾਂ ਨਿਰੰਕਾਰ ਦਾ ਮਰਾਸੀ ਬਣ ਗਇਆ ਵਾਂ। ਸਾਹਿਬ ਨੇ ਓਥੇ ਧਨਾਸਰੀ ਰਾਗ ਵਿੱਚ ਸ਼ਬਦ ਬੋਲਿਆ:-

ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥ ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥ ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥ ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥ ਹਰਿ ਕੇ ਲੋਗ ਅਵਰ ਨਹੀ ਕਾਰਾ ॥ ਸਾਚਉ ਠਾਕੁਰੁ ਸਾਚੁ ਪਿਆਰਾ ॥੨॥ ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥ ਸੇਵਕੁ ਪ੍ਰਭ ਕੈ ਲਾਗੈ ਪਾਇ ॥ ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥ ਆਪਿ ਦਿਖਾਵੈ ਆਪੇ ਦੇਖੈ ॥ ਹਠਿ ਨ ਪਤੀਜੈ ਨਾ ਬਹੁ ਭੇਖੈ ॥ ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥ ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥ ਪੜਿ ਪੜਿ ਭੂਲਹਿ ਚੋਟਾ ਖਾਹਿ ॥ ਬਹੁਤੁ ਸਿਆਣਪ ਆਵਹਿ ਜਾਹਿ ॥ ਨਾਮੁ ਜਪੈ ਭਉ ਭੋਜਨੁ ਖਾਇ ॥ ਗੁਰਮੁਖਿ ਸੇਵਕ ਰਹੇ ਸਮਾਇ ॥੫॥ ਪੂਜਿ ਸਿਲਾ ਤੀਰਥ ਬਨ ਵਾਸਾ ॥ ਭਰਮਤ ਡੋਲਤ ਭਏ ਉਦਾਸਾ ॥ ਮਨਿ ਮੈਲੈ ਸੂਚਾ ਕਿਉ ਹੋਇ ॥ ਸਾਚਿ ਮਿਲੈ ਪਾਵੈ ਪਤਿ ਸੋਇ ॥੬॥ ਆਚਾਰਾ ਵੀਚਾਰੁ ਸਰੀਰਿ ॥ ਆਦਿ ਜੁਗਾਦਿ ਸਹਜਿ ਮਨੁ ਧੀਰਿ ॥ ਪਲ ਪੰਕਜ ਮਹਿ ਕੋਟਿ ਉਧਾਰੇ ॥ ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥ ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥ ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥ ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥

ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਨਿਰੰਕਾਰ ਦਾ ਮਾਰਗ ਸੱਚ ਦਾ ਮਾਰਗ ਹੈ। ਜਿੱਥੇ ਆਪਣੇ ਸਰੀਰ ਨੂੰ ਕੋਹਣਾ, ਹੱਠ ਕਰਨਾਂ ਜਾਂ ਰੱਬ ਨੂੰ ਮਿਲਣ ਦੀ ਜਿਦ ਕਰਨਾਂ, ਜੰਗਲਾਂ ਬੇਲਿਆਂ ਵਿੱਚ ਭਰਮਣਾਂ, ਪੱਥਰ ਪੂਜਣੇ ਆਦਿ ਸਭ ਵਿਅੱਰਥ ਨੇ। ਸੱਚੇ ਸਤਿਗੁਰੂ ਦੇ ਉਪਦੇਸ਼ ਤਹਿਤ ਸੱਚ ਤੇ ਚਲਦਿਆਂ ਸਹਿਜ ਦੇ ਮਾਰਗ ਦੇ ਧਾਰਨੀ ਰਹਿੰਦਿਆਂ ਸਿਰਫ ਅਕਾਲ ਪੁਰਖ ਦੀ ਉਸਤਤ ਕਰਨੀ ਹੈ ਜਾਂ ਗੁਣ ਗਾਉਣੇ ਨੇ। ਉਹਦੇ ਬਾਰੇ ਵੀਚਾਰਾਂ ਕਰਨੀਆਂ ਨੇ। ਕੋਈ ਪਾਖੰਡ ਨਹੀ ਕਰਨੇ। ਵਿਖਾਵੇ ਨਹੀ ਕਰਨੇ।

-----◈-----

**ਤੁਹਾਡਾ ਗੁਰੂ ਕੌਣ ਹੈ?** -- ਓਥੇ ਸੰਤਾਂ ਮਹਾਂ ਪੁਰਖਾਂ ਨੇ ਫਿਰ ਗੁਰੂ ਸਾਹਿਬ ਨੂੰ ਪੁੱਛ ਲਿਆ ਕਿ ਤੁਹਾਡਾ ਗੁਰੂ ਕੌਣ ਹੈ? ਗੁਰੂ ਸਾਹਿਬ ਨੇ ਮੈਨੂੰ ਜੋ ਗਿਆਨ ਹਾਸਲ ਹੋਇਆ ਹੈ ਨਿਰੰਕਾਰ ਦੀ ਸਿੱਧੀ ਬਖਸ਼ਸ਼ ਕਰਕੇ ਹੋਇਆ ਹੈ। ਸੋ ਓਹੀ ਮੇਰਾ ਗੁਰੂ ਹੈ।

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥

ਸਾਹਿਬ ਨੇ ਫਰਮਾਇਆ ਕਿ ਜੇ ਮੈਨੂੰ ਕੋਈ ਸੱਚ ਵਿੱਚ ਰਮਿਆ, ਨਿਰੰਕਾਰ ਦੀ ਉਸਤਤ ਵਿੱਚ ਲੀਨ ਕੋਈ ਪੁਰਖ ਮਿਲ ਜਾਵੇ ਤਾਂ ਮੈਂ ਵੀ ਉਸ ਦੇ ਚਰਨੀ ਲੱਗਾ। ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥

ਓਥੇ ਫਿਰ ਬਾਬੇ ਦੀ ਧੰਨ ਧੰਨ ਹੋ ਗਈ। ਹਰ ਕੋਈ ਦਰਸ਼ਨਾਂ ਨੂੰ ਪਹੁੰਚ ਰਿਹਾ ਸੀ।

ਯਾਦ ਰਹੇ ਇਨਾਂ ਸੰਤਾਂ ਮਹੰਤਾਂ ਵਿੱਚੋਂ ਜਿਸ ਨੇ ਜਿਆਦਾ ਸਵਾਲ ਜਵਾਬ ਕੀਤੇ ਸਨ ਉਹ ਨਿਰੰਜਣੀ ਫਿਰਕੇ ਦੇ ਸੰਤ ਮਹੰਤ ਸਨ। ਇਹ ਫਿਰਕਾ ਰਾਜਸਥਾਨ, ਗੁਜਰਾਤ ਤੇ ਦੱਖਣੀ ਭਾਰਤ ਵਿੱਚ ਪਰਚਲਤ ਸੀ।

-----◈-----

## ਮਥਰਾ – "ਅਰੇ ਯਹ ਭੀ ਕੋਈ ਸਾਧੂ ਹੈ, ਨਾਂ ਗੀਤਾ ਮਾਨੇ ਨਾਂ ਗਾਇਤਰੀ," ਇੱਕ ਮਹੰਤ ਨੇ ਗੁਰੂ ਸਾਹਿਬ ਤੇ ਕਟਾਖ ਕਰ ਦਿੱਤਾ

ਓਦੋ ਗੁਰੂ ਸਾਹਿਬ ਨੂੰ ਨਿਰੰਕਾਰ ਦਾ ਵੈਰਾਗ ਛੁੱਟਾ ਤੇ ਰਾਮਕਲੀ ਦੇ ਚਉਪਦੇ ਫਿਰ ਮਰਦਾਨੇ ਦੀ ਤੇ ਰਬਾਬ ਗਾਏ:-

ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥ ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥ ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥੧॥ ਨ ਜਾਣਾ ਹਰੇ ਮੇਰੀ ਕਵਨ ਗਤੇ ॥ ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥੧॥ ਰਹਾਉ ॥ ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥ ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥ ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥ ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥ ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥੪॥੧॥

ਸਾਹਿਬ ਨੇ ਡੰਕੇ ਦੀ ਚੋਟ ਤੇ ਫਿਰ ਐਲਾਨ ਕੀਤਾ ਕਿ ਮੈਂ ਕਿਸੇ ਸੰਸਕ੍ਰਿਤ (ਜਾਂ ਸਹਿਸਕ੍ਰਿਤੀ) ਨੂੰ ਪਵਿਤਰ ਨਹੀ ਮੰਨਦਾ, ਨਾਂ ਕੋਈ ਜੋਗਾ ਧਿਆਨ ਲਾਉਦਾ ਨਾਂ ਮਾਲਾ ਫੇਰਦਾ ਹਾਂ। ਮੈਂ ਤਾਂ ਨਿਰੰਕਾਰ ਸਿਰਫ ਤੇਰੀ ਉਸਤਤ ਹੀ ਪਾਈ ਹੈ। ਐ ਅਕਾਲ ਪੁਰਖ ਜੇ ਤੁਠਾਂ ਹੈ ਤਾਂ ਇਸ ਸਮਾਜ ਵਿੱਚ ਮੇਰੀ ਲਾਜ ਪਤ ਰੱਖੀ।

-----◈-----

## ਮਥਰਾ– ਫਿਰ ਵੈਸ਼ਨਵ ਸਾਧੂਆਂ ਨੇ ਆ ਪੁੱਛਿਆ ਕਿ ਬਾਬਾ ਜੀ ਤੁਹਾਡੀ ਕਿਹੜੀ ਸੰਪਰਦਾ ਹੈ ਤੁਹਾਡੇ ਪੰਥ ਦਾ

## ਨਾਂ ਕੀ ਹੈ?

ਇਸ ਦੇ ਜਵਾਬ ਵਿੱਚ ਫਿਰ ਗੁਰੂ ਸਾਹਿਬ ਨੇ ਰਾਗੁ ਸਾਰਗ ਵਿੱਚ ਆ ਕੇ ਸ਼ਬਦ ਗਾਇਆ:-

**ਅਪੁਨੇ ਠਾਕੁਰ ਕੀ ਹਉ ਚੇਰੀ ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥੧॥ ਰਹਾਉ ॥ ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥**



ਗੁਰਦੁਆਰਾ ਗੁਰੁ ਨਾਨਕ ਟਿੱਲਾ, ਬਿੰਦਰਾਬਣ(ਸੱਜੇ 1978 ਤੋਂ ਪਹਿਲਾਂ

**ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥੧॥ ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ ॥ ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ ॥੨॥ ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥ ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਨੀ ॥੩॥ ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥ ਹਰਿ ਕੈ ਨਾਮਿ ਰਤੀ ਸੋੁਹਾਗਨਿ ਨਾਨਕ ਰਾਮ ਭਤਾਰਾ ॥**

ਨਿਮ੍ਰਤਾ ਦੇ ਪੁੰਜ ਗੁਰੂ ਨੇ ਫਿਰ ਜਵਾਬ ਦਿੱਤਾ ਕਿ ਮੇਰਾ ਪੰਥ ਤਾਂ ਓਹ ਨਿਰੰਕਾਰ ਹੈ। ਓਹਦਾ ਹੀ ਨੌਕਰ ਹਾਂ ਮੈਂ। ਨਿਰੰਕਾਰ ਦੀ ਉਸਤਤ ਕਰਦਿਆ ਮੇਰੇ ਕਵਾੜ ਖੁੱਲ ਗਏ ਨੇ। ਮੈਂ ਤਾਂ ਬਸ ਉਸ ਰੰਗੀਲੇ ਰਾਮ ਨਿਰੰਕਾਰ ਦਾ ਹੀ ਹੋ ਗਇਆ ਹਾਂ। ਉਹ ਰਾਮ ਜਿਹੜਾ ਜੰਮਦਾ ਮਰਦਾ ਨਹੀ। ਉਹਦੀ ਕਿਰਪਾ ਸਦਕਾ ਮੈਨੂੰ ਹੁਣ ਸਮਾਜ ਵਿੱਚ ਆਪਣੀ ਪੱਤ ਦੀ ਕੋਈ ਪ੍ਰਵਾਹ ਨਹੀ ਰਹੀ। ਸੋ ਤੁਸੀ ਆਪਣੇ ਅੰਦਾਜਾ ਲਾ ਲਓ ਕਿ ਮੇਰਾ ਫਿਰਕਾ ਕਿਹੜਾ ਹੈ?

-----◈-----

ਮਥਰਾ ਦੇ ਮੇਲੇ ਦੌਰਾਨ ਹੀ ਗੁਰੂ ਸਾਹਿਬ ਨੇ ਮਥਰਾ ਦੇ ਸਹਾਇਕ ਸਥਾਨਾਂ ਜਿਵੇ ਬਿੰਦ੍ਰਾਬਨ, ਬ੍ਰਿਜ ਭੂਮੀ, ਗੋਕਲ, ਗੋਵਰਧਨ ਦੇ ਸੈਰ ਕੀਤੇ। ਬਿੰਦ੍ਰਾਬਨ ਵੀ ਓਨਾਂ ਨੇ ਮਥੁਰਾ ਵਾਲਾ ਲੁੱਚਪੁਣਾ ਵੇਖਿਆ। **"ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ ॥ ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥"** ਜੇ ਕ੍ਰਿਸ਼ਨ ਭਗਵਾਨ ਨੇ ਗੋਪੀਆਂ ਨਾਲ ਰੰਗ ਤਮਾਸ਼ੇ ਕੀਤੇ ਸਨ ਤੇ ਚੇਲੇ ਤਾਂ ਸਾਰੇ ਹੱਦ ਬੰਨੇ ਟੱਪ ਗਏ ਸਨ। ਅੱਗੋ ਬਹਾਨੇ ਕਲਜੁਗ ਦੇ ਲਾ ਰਹੇ ਸਨ, "ਜੀ ਕੀ ਕਰੀਏ ਕਲਿਜੁਗ ਦਾ ਪਹਿਰਾ ਹੈ।"

ਕੁਝ ਇਸ ਪ੍ਰਕਾਰ ਪਿਆਰ ਦਾ ਜਾਲ ਪਾ ਕੇ ਗੁਰੂ ਸਾਹਿਬ ਨੇ ਸਮੁਚੀ ਮਥੁਰਾ ਜਿੱਤ ਲਈ ਸੀ। ◈

ਇਨਾਂ ਥਾਵਾਂ ਦੇ ਪੰਡਿਆਂ ਨੂੰ ਸੁਚੇਤ ਕਰਨ ਉਪਰੰਤ ਗੁਰੂ ਸਾਹਿਬ ਫਿਰ ਆਪਣੇ ਸੁਲਤਾਨਪੁਰ ਦੇ ਪੰਧ ਤੇ ਰਵਾਨਾ ਹੋ ਗਏ। ਗੋਵਰਧਨ ਤੋਂ ਗੁਰੂ ਸਾਹਿਬ ਨੇ ਰਸਤਾ ਦਿੱਲੀ ਦੇ ਪੱਛਮ ਪਾਸਿਓ ਦੀ ਹੋ ਕੇ ਰੋਹਤਕ ਰਾਂਹੀ ਜਾਣ ਦਾ ਚੁੱਣਿਆ। ਇਨਾਂ ਸਭ ਇਲਾਕਿਆਂ ਵਿੱਚ ਇੱਕ ਅਕਾਲ ਦਾ ਹੋਕਾ ਦੇਈ ਗਏ ਤੇ ਭਰਮਾਂ 'ਚ ਪਈ ਲੋਕਾਈ ਨੂੰ ਮੁਕਤ ਕਰੀ ਗਏ।

----◈-----

## "ਅਏ ਬਾਲਕ! ਤੂੰ ਵੀ ਯੋਗ ਦੀਕਸ਼ਾ ਲੈ" ਰੋਹਤਕ ਦੇ ਬੋਹਰ ਮੱਠ ਵਿੱਚ ਬਾਬੇ ਦੁਆਲੇ ਮਹੰਤ ਹੋ ਗਿਆ○

ਮਥੁਰਾ ਤੋਂ ਵੱਖ ਵੱਖ ਇਲਾਕਿਆ ਦੇ ਲੋਕਾਂ ਨੂੰ ਤਾਰਦੇ ਹੋਏ ਗੁਰੂ ਸਾਹਿਬ ਬੋਹਰ ਜਾਂ ਬਹੌਰ ਮੱਠ ਜਾਂ ਅਸਥੱਲ ਬੋਹਰ ਕੰਨਪਾਟੇ ਜੋਗੀਆਂ ਦੇ ਮੱਠ ਵਿੱਚ ਪਹੁੰਚ ਗਏ। ਲੰਗਰ ਪਾਣੀ ਛਕਿਆ। ਅਰਾਮ ਕੀਤਾ ਤੇ ਫਿਰ ਮੱਠ ਵਿੱਚ ਹਾਜਰ ਜੋਗੀਆਂ ਦੇ ਪ੍ਰਵਚਨ ਸੁਣਨੇ ਸ਼ੁਰੂ ਕੀਤੇ। ਗੁਰੂ ਸਾਹਿਬ ਦੀ ਕਰਾਮਾਤੀ ਸ਼ਖਸੀਅਤ ਦੀ ਤਾਂ ਪਹਿਲਾਂ ਹੀ ਦੂਰ ਦੂਰ ਤੱਕ ਖਬਰ ਪਹੁੰਚ ਚੁੱਕੀ ਸੀ।

ਮੱਠ ਦੇ ਬਜ਼ੁਰਗ ਮਹੰਤ ਨੇ ਗੁਰੂ ਸਾਹਿਬ ਨਾਲ ਗਲ ਬਾਤ ਸ਼ੁਰੂ ਕਰ ਦਿੱਤੀ। ਅੱਜ ਕਿਧਰ ਕਿਧਰ ਦੀ ਸੈਲ ਕਰਕੇ ਆਏ ਹੋ? ਕਿ ਤੁਸੀ ਕਿਹੜੇ ਇਲਾਕੇ ਦੇ ਹੋ? ਕਿਹੜਾ ਸੰਪਰਦਾ ਦੇ ਹੋ? ਜਦੋਂ ਗੁਰੂ ਸਾਹਿਬ ਨੇ ਕਿਹਾ ਕਿ ਉਹ ਕਿਸੇ ਸੰਪਰਦਾ ਦੇ ਨਹੀ ਹਨ ਤਾਂ ਮਹੰਤ ਨੇ ਸਖਤ ਲਫਜ ਵਰਤਦਿਆਂ ਕਿਹਾ ਕਿ ਅਜੇ ਤੱਕ ਨਿਗੁਰੇ ਹੀ ਘੁੰਮ ਰਹੇ ਹੋ। ਗੁਰੂ ਸਾਹਿਬ ਨੇ ਮਹੰਤ ਦੀ ਨਿਸ਼ਾ ਕਰਾਈ ਕਿ ਮੇਰਾ ਤਾਂ ਗੁਰੂ ਨਿਰੰਕਾਰ ਆਪ ਖੁੱਦ ਹੀ ਹੈ। ਮਹੰਤ ਨੂੰ ਦੱਸਿਆ ਕਿ ਤੁਸੀ ਨਿਰੰਕਾਰ ਨੂੰ ਮਿਲਣ ਦਾ ਜਿਹੜਾ ਰਸਤਾ ਅਖਤਿਆਰ ਕੀਤਾ ਹੋਇਆ ਹੈ ਉਹ ਠੀਕ ਨਹੀ, ਜਿਹੜਾ ਤੁਸੀ ਸਮਾਧੀ ਲਾ ਕੇ ਬਹਿ ਜਾਂਦੇ ਹੋ ਤੇ ਸੁਰਤ ਨੂੰ ਖੁੱਲੀ ਛੱਡ ਦਿੰਦੇ ਹੋ। ਮੇਰਾ ਰਸਤਾ

ਪੈੜ ਸਫਾ

◈ ਮਥਰਾ ਦੀਆਂ ਸਾਖੀਆਂ -ਸੋਢੀ ਮਿਹਰਬਾਨ ਤੇ ਭਾਈ ਮਨੀ ਸਿੰਘ ਅਧਾਰਿਤ। ਸੋਢੀ ਨੇ ਇਥੇ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਦੱਖਣ ਦੀ ਯਾਤਰਾ ਵਿੱਚ ਪੰਜ ਸਾਲ ਲਾਏ ਸਨ।

ਅਲਵਰ ਵਿੱਚ ਇਤਹਾਸਿਕ ਸਿੱਖ ਅਸਥਾਨ ਤਾਂ ਸ਼ਾਇਦ ਨਹੀ ਹੈ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਇਥੇ ਵੀ ਸਿੱਖ ਸੰਗਤ ਮੌਜੂਦ ਸੀ। ਨਾਰਨੌਲ ਵਿਖੇ ਜਰੂਰ ਸੰਗਤ ਦਾ ਪ੍ਰਵਾਹ ਅੱਜ ਤੱਕ ਚਲਦਾ ਆ ਰਿਹਾ ਹੈ। ਪਰ ਸਥਾਨਕ ਲੋਕਾਂ ਦੀ ਸੰਗਤ ਹੋਲੀ ਹੋਲੀ ਘਟਦੀ ਗਈ ਤੇ ਸਿਰਫ ਪੰਜਾਬੀ ਮੂਲ ਦੇ ਲੋਕ ਹੀ ਅੱਜ ਸੰਗਤ ਦਾ ਧੁਰਾ ਹਨ।

⊙ ਗਿਆਨੀ- 141

ਗੁਰੂ ਸਾਹਿਬ ਦੇ ਦਦਰੇਵਾ ਜਾਣ ਬਾਬਤ ਕੁਝ ਦੁਬਿਧਾ ਬਣਦੀ ਸੀ ਕਿ ਕੀ ਉਹ ਦੂਸਰੀ ਉਦਾਸੀ ਵੇਲੇ ਬੀਕਾਨੇਰ ਵਲੋਂ ਦਦਰੇਵਾ ਗਏ ਜਾਂ ਫਿਰ ਇਧਰੋਂ ਮਥੁਰਾ ਅਲਵਰ ਹੁੰਦੇ ਹੋਏ। ਹਾਲਾਂ ਨਾਰਨੌਲ ਵਿਖੇ ਗੁਰੂ ਸਾਹਿਬ ਦੇ ਜਾਣ ਬਾਰੇ ਗਿਆਨੀ ਪਹਿਲਾਂ ਲਿਖ ਹੀ ਚੁੱਕੇ ਸਨ। ਪਰ ਨਾਰਨੌਲ ਕੋਈ ਗੁਰੂ ਸਾਹਿਬ ਦੀ ਯਾਦਗਾਰ ਨਹੀ ਹੈ ਤੇ ਨਾਂ ਹੀ ਉਨਾਂ ਦੇ ਆਉਣ ਬਾਬਤ ਕੋਈ ਸਥਾਨਕ ਰਵਾਇਤ ਹੈ। ਸਿੱਖਾਂ ਦੀ ਅਬਾਦੀ ਵੀ ਸ਼ਹਿਰ ਵਿਚ ਚੋਖੀ ਹੈ। ਫਿਰ ਵੀ ਨਾਰਨੌਲ ਦੇ ਮੁੱਖ ਗੁਰਦੁਆਰੇ ਦੇ ਗ੍ਰੰਥੀ ਸਵਿੰਦਰ ਸਿੰਘ ਨੇ ਸ਼ੱਕ ਜ਼ਾਹਿਰ ਕਰ ਦਿਤਾ ਜਦੋਂ ਉਸ ਨੇ ਦੱਸਿਆ ਕਿ ਅੱਜ ਤੋਂ 20 ਸਾਲ ਪਹਿਲਾਂ ਨਾਰਨੌਲ ਦੇ ਲਾਗਲੇ ਕਸਬੇ ਅਟੇਲੀ ਮੰਡੀ (ਨਕਸ਼ਾ ਸੂਚਕ 28.105, 76.278) ਵਿਚੋਂ ਪੱਥਰ ਦੀ ਚਰਨ ਪਾਦੁਕਾ ਮਿਲੀ ਸੀ ਜੋ ਪੁਰਾਤਤਵ ਮਹਿਕਮੇ ਨੇ ਸਾਂਭ ਲਈ ਸੀ। ਉਦੋਂ ਸ਼ੱਕ ਜ਼ਾਹਿਰ ਕੀਤਾ ਗਿਆ ਸੀ ਕਿ ਹੋ ਸਕਦਾ ਹੈ ਇਹ ਗੁਰੂ ਨਾਨਕ ਦੀ ਹੋਵੇ। ਕਹਿਣ ਤੋਂ ਮਤਲਬ ਨਾਰਨੌਲ ਬਾਬਤ ਹੋਰ ਖੋਜ ਦੀ ਗੁੰਜਾਇਸ਼ ਹੈਗੀ ਆ।

ਹਾਂ ਜੇ ਨਾਰਨੌਲ ਜਾਣਾ ਸਾਬਤ ਹੁੰਦਾ ਹੈ ਤਾਂ ਫਿਰ ਦਦਰੇਵਾ, ਸਾਅਵਾ ਅਤੇ ਸਿਰਸਾ ਇਸ ਪਾਸਿਓ ਜਾਣਾ ਮੰਨਿਆ ਜਾਵੇਗਾ। ਫਿਲਹਾਲ ਅਸੀ ਇਹ ਸ਼ਹਿਰ ਦੂਸਰੀ ਉਦਾਸੀ ਦੀ ਵਾਪਸੀ ਵਿਚ ਲਏ ਹਨ।

ਤਾਂ ਨਿਰੰਕਾਰ ਦੀ ਸਿਫਤ ਸਲਾਹ ਹੈ। ਮੱਠ ਦੀ ਪੂਰੀ ਮੰਡਲੀ ਸਾਹਮਣੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਰਾਮਕਲੀ ਵਿੱਚ ਦੋ ਸ਼ਬਦ ਗਾਏ:

ਰਾਮਕਲੀ ਮਹਲਾ ੧ ॥ ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥ ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥ ਬਾਬਾ ਗੋਰਖੁ ਜਾਗੈ ॥ ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥੧॥ ਰਹਾਉ ॥ ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥੨॥ ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥੩॥ ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥ ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥੪॥੪॥ ਰਾਮਕਲੀ ਮਹਲਾ ੧ ॥ ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥ ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥ ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥ ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥ ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥ ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥

ਗੁਰੂ ਸਾਹਿਬ ਦੇ ਜਵਾਬ ਸੁਣ ਕੇ ਮਹੰਤ ਤਾਂ ਨਿਰਉਤਰ ਹੋ ਗਿਆ। ਅਗਲੇ ਨੂੰ ਗੁੱਸਾ ਵੀ ਆਇਆ ਹੋਵੇਗਾ ਕਿ ਸਾਡੇ ਕੋਲ ਰਹਿ ਕੇ ਸਾਡੇ ਹੀ ਚੇਲਿਆਂ ਵਿੱਚ ਸਾਡੇ ਸਿਧਾਂਤ ਖਿਲਾਫ ਪ੍ਰਚਾਰ ਕਰ ਚਲਿਆ ਹੈ। ਪਰ ਓਨੀ ਦਿਨੀ ਲੋਕਾਂ ਵਿੱਚ ਧਾਰਮਿਕ ਸ਼ਹਿਣਸ਼ੀਲਤਾ ਬਹੁਤ ਹੁੰਦੀ ਸੀ। ਉਹਦੇ ਚੇਲਿਆਂ ਵਿੱਚੋਂ ਹੀ ਇੱਕ "ਪਾਈ ਨਾਥ" ਨਾਂ ਦੇ ਜੋਗੀ ਨੇ ਗੁਰੂ ਸਾਹਿਬ ਦੇ ਚਰਨ ਫੜ ਲਏ ਕਿ ਬਾਬਾ ਮੈਂ ਤਾਂ ਅੱਜ ਤੋਂ ਤੇਰਾ।

ਲਗਦਾ ਦੋ ਚਾਰ ਦਿਨ ਗੁਰੂ ਸਾਹਿਬ ਨੇ ਨਿਰੰਕਾਰ ਦੀ ਕਥਾ ਕੀਤੀ ਹੋਵੇਗੀ। ਜਦੋਂ ਓਥੋ ਰਵਾਨਾ ਹੋਣ ਲੱਗੇ ਤਾਂ ਪਾਈ ਨਾਥ ਨੇ ਵਿਛੋੜੇ ਦਾ ਦੁੱਖ ਜ਼ਾਹਿਰ ਕੀਤਾ। ਹੋ ਸਕਦੈ ਨਾਲ ਚਲਣ ਲਈ ਵੀ ਜਿੱਦ ਕੀਤੀ ਹੋਵੇ ਪਰ ਗੁਰੂ ਸਾਹਿਬ ਜਿੱਥੇ ਕੋਈ ਹੁੰਦਾ ਸੀ ਓਨੂੰ ਓਥੇ ਹੀ ਪ੍ਰਚਾਰਕ ਬਣਨ ਦੀ ਹਦਾਇਤ ਕਰਦੇ ਸਨ। ਪਾਈ ਨਾਥ ਦਾ ਪ੍ਰੇਮ ਵੇਖ ਕੇ ਗੁਰੂ ਸਾਹਿਬ ਨੇ ਫਿਰ ਸ਼ਬਦ ਗਾਵਿਆ:

ਸੂਹੀ ਮਹਲਾ ੧ ॥ ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥ ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥ ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥ ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥ ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥ ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥ ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥ ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥

ਪਾਈ ਨਾਥ ਨੂੰ ਸਮਝਾਇਆ ਕਿ ਨਾਮ ਰੂਪੀ ਜਹਾਜ ਤਿਆਰ ਕਰ ਲੈ। ਫਿਰ ਵਿਛੋੜੇ ਦਾ ਮਤਲਬ ਹੀ ਨਹੀ ਰਹਿ ਜਾਏਗਾ। ਜਿੱਥੇ ਯਾਦ ਕਰੇਂਗਾ ਨਿਰੰਕਾਰ ਓਥੇ ਹੀ ਹਾਜਰ ਮਿਲੇਗਾ। ਅਸੀ ਤਾਂ ਸਭ ਉਸ ਨਿਰੰਕਾਰ ਦੇ ਛੋਟੇ ਛੋਟੇ ਜੀਅ ਹਾਂ।

ਸ਼ਬਦ ਸੁਣ ਕੇ ਪਾਈ ਨਾਥ ਨਿਹਾਲ ਹੋ ਗਿਆ। ਦੂਰ ਤੱਕ ਗੁਰੂ ਸਾਹਿਬ ਨੂੰ ਛੱਡਣ ਆਇਆ।

ਰੋਹਤਕ ਤੋਂ ਫਿਰ ਸਾਹਿਬ ਜੀਂਦ ਆ ਪਹੁੰਚੇ ਤੇ ਓਥੇ ਵੀ ਪੁਰਾਣਕ ਕਥਾਵਾਂ ਨਾਲ ਸਬੰਧਤ ਨੇੜੇ ਤੇੜੇ ਕਈ ਅਸਥਾਨ ਹਨ। ਜਿਵੇਂ ਜੀਂਦ ਗੋਹਾਨਾ ਸੜਕ ਤੇ ਪਾਂਡੋ ਪਿੰਡਾਰਾ, ਹਿਸਾਰ ਸੜਕ ਤੇ ਰਾਈ ਰਾਇ, ਨਰਵਾਨਾ ਸੜਕ ਤੇ ਹੰਸਦੇਹਰ ਜਿੱਥੇ ਕਪਿਲ ਮੁਨੀ ਦੇ ਪਿਤਾ ਨੇ ਭਗਤੀ ਕੀਤੀ, ਸਫੀਦੋਂ ਰੋਡ ਤੇ ਜਾਮਨੀ ਜਿੱਥੇ ਜਗਦਮਨੀ ਰਿਸ਼ੀ ਨੇ ਭਗਤੀ ਕੀਤੀ, ਬਰਾਹ ਪਿੰਡ ਜਿੱਥੇ ਇਨਾਂ ਦੇ ਸੂਰ-ਭਗਵਾਨ ਵਰਾਹ ਦਾ ਜਨਮ ਹੋਇਆ।

ਇਹ ਅੰਦਾਜ਼ਾ ਲਾਉਣਾ ਕਠਿਨ ਹੈ ਕਿ ਗੁਰੂ ਸਾਹਿਬ ਜੀਂਦ ਵਿੱਚ ਕਿਹੜੇ ਸਥਾਨ ਤੇ ਠਹਿਰੇ ਸਨ।

ਜੀਂਦ ਤੋਂ ਫਿਰ ਭਾਗਲ, ਚੀਕਾ, ਖਰੌਦੀ ਹੁੰਦੇ ਹੋਏ ਕਮਾਲਪੁਰ ਪਹੁੰਚੇ ਜਿੱਥੇ ਗੁਰਦੁਆਰੇ ਦੇ ਰੂਪ ਵਿੱਚ ਸਾਹਿਬ ਦੀ ਯਾਦਗਾਰ ਮੌਜੂਦ ਹੈ। ਖਰੌਦੀ ਵਿੱਚ ਜਿਸ ਮਾਈ ਕਾਨੀ ਨੇ ਗੁਰੂ ਸਾਹਿਬ ਨੂੰ ਪ੍ਰਸ਼ਾਦਾ ਛਕਾਇਆ ਸੀ ਉਹ ਮਾਈ ਅੱਜ ਵੀ ਇਲਾਕੇ ਵਿੱਚ ਪੂਜੀ ਜਾਂਦੀ ਹੈ। ਇਲਾਕੇ ਦੇ ਲੋਕ ਮਾਈ ਕਾਨੀ ਦੇ ਨਾਂ ਦੀ ਸੌਂਹ ਤੇ ਵਿਸ਼ਵਾਸ਼ ਕਰਦੇ ਹਨ। ਓਥੇ ਗੁਰਦੁਆਰਾ ਸਾਹਿਬ ਮੌਜੂਦ ਹੈ।

-----◈-----

## ਚੰਦਨ ਦਾਸ ਪਿੰਡ ਛੀਟਾਂਵਾਲੇ ਦੇ ਘਰੋਂ ਨਿਕਲੀ ਚੰਦਨ ਦੀ ਖੁਸ਼ਬੋ ਚੁਫੇਰੇ ਫੈਲ ਗਈ

ਗੁਰੂ ਸਾਹਿਬ ਦਾ ਸ਼ਰਧਾਵਾਨ ਸਿੱਖ ਚੰਦਨ ਦਾਸ (ਖਤਰੀ ਜਾਤ ਗੋਤ ਜੋਹਰ ਜਾਂ ਜਾੜਾ) ਚਿਰਾਂ ਤੋਂ ਗੁਰੂ ਸਾਹਿਬ ਨੂੰ ਯਾਦ ਕਰਦਾ ਰਹਿੰਦਾ ਸੀ। ਕਮਾਲ ਪੁਰ ਤੋਂ ਚਲਕੇ ਗੁਰੂ ਸਾਹਿਬ ਨੇ ਅੱਜ ਆ ਚੰਦਨ ਦਾਸ ਦੇ ਘਰ ਚਰਨ ਪਾਏ। (ਪਿੰਡ ਛੀਟਾਂਵਾਲੀ ਜਿਲਾ ਪਟਿਆਲਾ ਦੀ ਨਾਭਾ ਤਸੀਲ ਵਿੱਚ ਨਾਭਾ ਸੰਗਰੂਰ ਸੜਕ ਤੇ ਮੌਜੂਦ ਹੈ।)

ਓਧਰ ਉਸ ਦੇ ਘਰ ਦੋ ਦਿਨ ਪਹਿਲਾਂ ਬੱਚੇ ਦਾ ਜਨਮ ਹੋਇਆ ਸੀ। ਚੰਦਨ ਦਾਸ ਦੇ ਤਾਂ ਹਰ ਪਾਸਿਓ ਭਾਗ ਖੁੱਲ ਗਏ।

ਚੰਦਨ ਨੇ ਗੁਰੂ ਸਾਹਿਬ ਅੱਗੇ ਅਰਜ ਕੀਤੀ ਕਿ ਸਾਹਿਬ ਹੁਣ ਸਾਲ ਛੇ ਮਹੀਨੇ ਇਥੇ ਹੀ ਰਹੋ ਤੇ ਇਲਾਕੇ ਦੇ ਲੋਕਾਂ ਨੂੰ ਮੁਕਤ

ਪੈੜ ਸਫਾ

◉ ਗਿਆਨੀ- 140 ਨੇ ਸਿਰਸੇ ਵਿਖੇ ਗੁਰੂ ਜੀ ਦਾ ਆਉਣਾ ਦੂਜੀ ਉਦਾਸੀ ਵੇਲੇ ਹੀ ਲਿਖਿਆ ਹੈ।

○ ਰੋਹਤਕ ਗੁਰੂ ਸਾਹਿਬ ਕਿਹੜੇ ਪਾਸਿਓ ਪਹੁੰਚੇ ਇਸ ਗਲ ਤੇ ਸਾਡੀ ਕੋਈ ਪੱਕੀ ਰਾਇ ਨਹੀ ਬਣ ਸਕੀ। ਗਿਆਨੀ ਜੀ ਨੇ ਨਾਰਨੌਲ ਤੋਂ ਰੋਹਤਕ ਪਹੁੰਚਣਾ ਲਿਖਿਆ ਹੈ। ਕਿਉਕਿ ਇਸ ਗਲ ਦੇ ਪੱਕੇ ਸਬੂਤ ਹਨ ਕਿ ਗੁਰੂ ਸਾਹਿਬ ਸਾਹਵਾ (ਚੁਰੂ) ਵੀ ਗਏ ਸਨ। ਦੂਸਰੀ ਉਦਾਸੀ ਵੇਲੇ ਸਾਹਵਾ, ਦਦਰੇਵਾ ਜਾਣਾ ਕੁਝ ਪਾਸੇ ਪੈ ਜਾਂਦਾ ਹੈ। ਸਾਨੂੰ ਲਗਦਾ ਹੈ ਕਿ ਪਹਿਲੀ ਉਦਾਸੀ ਦੇ ਵਾਪਸੀ ਵੇਲੇ ਹੀ ਨਿਪਟਾਇਆ ਹੋਵੇਗਾ। ਉਂਜ ਗੁਰੂ ਸਾਹਿਬ ਜਦੋਂ ਕਿਸੇ ਇਲਾਕੇ ਵਿਚ ਵੜਦੇ ਸਨ ਤਾਂ ਨੇੜੇ ਤੇੜੇ ਦੇ ਸਾਰੇ ਸਬੰਧਤ ਸਥਾਨ ਨਿਪਟਾਉਦੇ ਸਨ। ਕਈ ਵਾਰੀ ਉਹਨਾਂ ਨੂੰ ਅੱਗੇ ਪਿਛੇ ਵੀ ਜਾਣਾ ਪੈਂਦਾ ਸੀ। ਕਿਸੇ ਕਿਸੇ ਅਸਥਾਨ ਤੇ ਉਹ ਦੋ ਦੋ ਤਿੰਨ ਤਿੰਨ ਵਾਰੀ ਵੀ ਗਏ। ਮਿਸਾਲ ਦੇ ਤੌਰ ਤੇ ਪਟਣਾ, ਮਾਲਦਾ, ਚਿਟਾਗਾਂਗ ਆਦਿ। ਸੋ ਸਾਡਾ ਅੰਦਾਜ਼ਾ ਹੈ ਇਹ ਸਾਰੇ ਇਲਾਕੇ ਗੁਰੂ ਸਾਹਿਬ ਨੇ ਇਸ ਉਦਾਸੀ ਵੇਲੇ ਹੀ ਨਿਪਟਾਏ ਹੋਣਗੇ। ਖੈਰ ਇਹ ਇਨਾਂ ਮਹੱਤਵਪੂਰਨ ਵੀ ਨਹੀ ਹੈ ਕਿ ਕਿਹੜੇ ਥਾਂ ਤੋਂ ਕਿਥੇ ਗਏ। ਕਿਸੇ ਥਾਂ ਤੇ ਜਾਣ ਦਾ ਸਬੂਤ ਜਿਆਦਾ ਮਹੱਤਵ ਰੱਖਦਾ ਹੈ। ਸੋ ਇਹ ਵੀ ਹੋ ਸਕਦੈ ਸਾਹਿਬ ਸਿਰਸੇ ਤੋਂ ਵਾਪਸ ਰੋਹਤਕ ਨੂੰ ਆਏ ਹੋਣ ਕੁਝ ਹੋਰ ਮਹੱਤਵਪੂਰਨ ਥਾਵਾਂ ਨੂੰ ਨਿਪਟਾਉਣ। ਇਹ ਵੀ ਸੰਭਵ ਹੈ ਕਿ ਸਿਰਸਾ, ਰੋਹਤਕ ਜਿਹੀਆਂ ਥਾਵਾਂ ਗੁਰੂ ਸਾਹਿਬ ਨੇ ਮੁਕਾਮੀ ਦੌਰਿਆਂ ਦੌਰਾਨ ਨਿਪਟਾਈਆਂ ਹੋਣ। ਸੋ ਇਹ ਗੱਲ ਆਪਾਂ ਭਵਿਖ ਦੇ ਖੋਜੀਆਂ ਤੇ ਛੱਡਦੇ ਹਾਂ।

ਖੈਰ ਨਕਸ਼ੇ ਫੋਲਦਿਆ ਸਾਨੂੰ ਨਾਰਨੌਲ ਤੋਂ ਰੋਹਤਕ ਦੇ ਐਨ ਪੈਦਲ ਰਸਤੇ ਵਿੱਚ ਹੀ ਇੱਕ ਪਿੰਡ ਨਜਰ ਆਇਆ ਹੈ ਨਾਨਕਵਾਸ ਜਾਂ ਨਾਨਗਵਾਸ। ਅੰਦਾਜ਼ਾ ਹੈ ਇਹ ਵੀ ਗੁਰੂ ਸਾਹਿਬ ਦੀ ਕੋਈ ਠਾਉਰ ਹੋਵੇਗੀ। ਇਹ ਪਿੰਡ ਨਾਰਨੌਲ ਤੋਂ 11 ਕਿਲੋਮੀਟਰ ਪਹਾੜ ਹੈ। ਇਹਦੇ ਚੜ੍ਹਦੇ ਵਲ ਪਿੰਡ ਨੰਗਲ ਸਿਰੋਹੀ ਤੇ ਲਹਿੰਦੇ ਵਿੱਚ ਪਿੰਡ ਡੋਂਗਰਾ ਅਹੀਰ ਹੈ। (ਨਕਸ਼ਾ ਸੂਚਕ : 28.182949,76.174761) ਏਸੇ ਨਾਂ ਦਾ ਹੀ ਪਿੰਡ ਚੜ੍ਹਦੇ ਪਾਸੇ ਰਾਜਸਥਾਨ ਵਿਚ ਵੀ ਹੈ (ਨਕਸ਼ਾ ਸੂਚਕ: 280109155, 76.421550) ਕੋਈ ਗੁਰਸਿੱਖ ਵਿਦਵਾਨ ਇਸ ਪਿੰਡ ਪਹੁੰਚ ਕੇ ਖੋਜ ਬੀਨ ਕਰ ਸਕਦਾ ਹੈ। ਇਹ ਵੀ ਸੰਭਾਵਨਾ ਹੋ ਸਕਦੀ ਹੈ ਕਿ ਪਿੰਡ ਦਾ ਨਾਂ ਨਾਨਕਿਆਂ ਤੋਂ ਪਿਆ ਹੋਵੇ ਜਿਵੇ ਨਾਨਾ ਕਾ ਵਾਸ।

ਬਾਕੀ ਰੋਹਤਕ ਦੇ ਲਾਗੇ 28 ਕਿ. ਮੀ . ਹਟਵਾ ਸਿੱਖ ਕੇਂਦਰ ਲੱਖਣ ਮਾਜਰਾ ਤਾਂ ਹੈ ਹੀ।

ਕਰੋ। ਗੁਰੂ ਸਾਹਿਬ ਨੇ ਕਿਹਾ ਕਿ ਚੰਦਨ ਜੀ ਭਾਈ ਮਰਦਾਨਾ ਪਿੰਡ ਜਾਣ ਵਾਸਤੇ ਕਾਹਲ 'ਚ ਹੈ। ਪੰਜ ਸਾਲ ਹੋ ਗਏ ਨੇ ਘਰੋਂ ਨਿਕਲੇ ਨੂੰ। ਚੰਦਨ ਕਹਿਣ ਲੱਗਾ ਬਾਬਾ ਜੀ ਘੱਟੋ ਘੱਟ ਸਵਾ ਮਹੀਨਾ ਤਾਂ ਠਹਿਰ ਜਾਓ। ਬੱਚੇ ਦਾ ਧਮਾਣ ਕਰ ਲਈਏ। ਗੁਰੂ ਸਾਹਿਬ ਨੇ ਚੰਦਨ ਨੂੰ ਸਲਾਹ ਦਿੱਤੀ ਕਿ ਬੇਸ਼ੱਕ ਜਸ਼ਨ ਤੁਸੀ ਹੁਣੇ ਮਨਾ ਲਓ। ਸਵਾ ਮਹੀਨਾ ਜਾਂ ਸੂਤਕ ਪਾਤਕ ਦਾ ਵਹਿਮ ਨਹੀ ਕਰਨਾਂ।

ਚੰਦਨ ਨੇ ਓਸੇ ਤਰਾਂ ਗੁਰੂ ਸਾਹਿਬ ਦੇ ਉਪਦੇਸ਼ ਮੁਤਾਬਿਕ ਧਮਾਣ ਦੇ ਸੱਦੇ ਸਭ ਥਾਂ ਭੇਜ ਦਿੱਤੇ। ਹੋਰ ਤੇ ਹੋਰ ਜਿੰਨਾਂ ਨੂੰ ਕਮੀ ਕਮੀਣ ਕਹਿੰਦੇ ਸਨ ਉਨਾਂ ਨੂੰ ਵੀ ਸੱਦ ਲਿਆ। ਜਦੋਂ ਲੰਗਰਾਂ ਲਈ ਪੰਗਤਾਂ ਲੱਗ ਰਹੀਆਂ ਸਨ ਤਾਂ ਕੁਝ ਨੀਵੀਆਂ ਜਾਤਾਂ ਵਾਲੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ ਤਾਂ ਚੰਦਨ ਨੇ ਓਨਾਂ ਨੂੰ ਵੀ ਪੰਗਤ ਵਿੱਚ ਨਾਲ ਹੀ ਬਿਠਾ ਲਿਆ।

ਧਮਾਣ ਤੇ ਹਾਜਰ ਹੋਏ ਬ੍ਰਾਹਮਣਾਂ ਵਿੱਚ ਤਾਂ ਪਹਿਲਾਂ ਹੀ ਖੁਸਰ ਫੁਸਰ ਚਲ ਰਹੀ ਸੀ ਕਿ ਚੰਦਨ ਦਾਸ ਨੇ ਜੱਚਾ ਬੱਚਾ ਦਾ ਸਵਾ ਮਹੀਨਾ ਵੀ ਨਹੀ ਹੋਣ ਦਿੱਤਾ ਪਹਿਲਾਂ ਹੀ ਧਮਾਣ ਰੱਖ ਲਿਆ ਹੈ। ਓਨਾਂ ਨੇ ਇਹ ਕੁਝ ਵੇਖ ਕੇ ਦੁਹਾਈ ਦੇ ਦਿੱਤੀ ਕਿ ਇਹ ਲੰਗਰ ਭਿੱਟ ਚੁੱਕਾ ਹੈ। ਘਰ 'ਚ ਸੂਤਕ ਹੈ। ਚੰਦਨ ਦਾਸ ਨੂੰ ਲੰਗਰ ਨਹੀ ਸੀ ਲਾਉਣਾ ਚਾਹੀਦਾ।

ਓਦੋਂ ਫਿਰ ਗੁਰੂ ਸਾਹਿਬ ਨੇ ਸਭ ਨੂੰ ਸਮਝਾਉਣਾ ਕੀਤਾ ਕਿ ਭਾਈ ਇਹ ਸੂਤਕ ਪਾਤਕ ਦੀ ਵਿਚਾਰਧਾਰਾ ਨਿਰਾ ਵਹਿਮ ਹੈ। ਜੀਵਾਂ ਦਾ ਜੰਮਣਾਂ ਮਰਨਾਂ ਤਾਂ ਨਿਰੰਤਰ ਚਲਦਾ ਰਹਿੰਦਾ ਹੈ। ਤੁਸੀ ਕਹਿੰਦੇ ਹੋ ਸੂਤਕ ਹੈ। ਪਰ ਕਦੀ ਅਹਿਸਾਸ ਕੀਤਾ ਜੇ ਕਿ ਜੋ ਲਕੜੀ ਜਾਂ ਸੁੱਕਾ ਗੋਹਾ ਤੁਸੀ ਬਾਲਦੇ ਹੋ ਉਸ ਵਿੱਚ ਵੀ ਸੂਤਕ ਦੀ ਕ੍ਰਿਆ ਚਲ ਰਹੀ ਹੁੰਦੀ ਹੈ। ਲਕੜੀ ਬਾਲਣ ਤੋਂ ਪਹਿਲਾਂ ਕਦੀ ਸੋਚਿਐ ਕਿ ਘੁਣ ਦੇ ਘਰ ਸੂਤਕ ਹੈ ਕਿ ਨਹੀ। ਬਾਲਣ ਵਾਲੇ ਗੋਹੇ ਦੇ ਅੰਦਰ ਜਿਹੜੇ ਕੀੜੇ ਨੇ ਓਨਾਂ ਦਾ ਸੂਤਕ ਚਲ ਰਿਹਾ ਕਿ ਨਹੀ। ਇਹ ਨਿਰਾ ਤੁਹਾਡਾ ਵਹਿਮ ਹੈ। ਓਥੇ ਫਿਰ ਮਰਦਾਨ ਦੀ ਰਬਾਬ ਨੇ ਰੰਗ ਬੰਨ ਦਿੱਤਾ ਜਦੋਂ ਸਾਹਿਬ ਨੇ ਇਹ ਸ਼ਬਦ ਪੜ੍ਹਿਆ:

**ਜੇ ਕਰਿ ਸੂਤਕੁ ਮੰਨੀਐ ..**(ਪੂਰਾ ਸ਼ਬਦ ਵੇਖੋ ਸਫਾ-113 ਬਨਾਰਸ ਵਿਚ)

ਬ੍ਰਾਹਮਣ ਦਲੀਲ ਪੱਖੋਂ ਚਾਰੇ ਖਾਨੇ ਚਿੱਤ ਹੋ ਚੁੱਕੇ ਸਨ। ਹਾਲਾਤ ਵੇਖ ਕੇ ਉਨਾਂ ਖਿਸਕਣਾ ਬਿਹਤ੍ਰ ਸਮਝਿਆਂ।

ਛੀਟਾਂਵਾਲੀ ਚੰਦਨ ਦਾਸ ਦੇ ਘਰ ਜਿਸ ਚੁਬਾਰੇ ਵਿੱਚ ਸਾਹਿਬ ਨੇ ਚਰਨ ਪਾਏ ਸਨ। ਉਹ ਚੁਬਾਰਾ ਹੀ ਲੋਕਾਂ ਵਾਸਤੇ ਪੂਜਣ ਜੋਗ ਹੋ ਗਿਆ। ਵਕਤ ਪਾ ਕੇ ਚੁਬਾਰਾ ਢੱਠਣ ਤੇ ਸੰਗਤਾਂ ਨੇ ਸੁੰਦਰ ਗੁਰਦੁਆਰਾ ਬਣਾ ਦਿੱਤਾ ਹੈ ਓਥੇ। ◈

ਛੀਟਾਂਵਾਲੀ ਤੋਂ ਚਲਕੇ ਗੁਰੂ ਸਾਹਿਬ ਮਾਲੇਰਕੋਟਲਾ ਆਏ। (ਜਾਂ ਇਹ ਵੀ ਹੋ ਸਕਦਾ ਹੈ ਕਿ ਮਾਲੇਰਕੋਟਲਾ ਤੋਂ ਛੀਟਾਂਵਾਲੀ ਵਲ ਗਏ ਹੋਣ। ਇਸ ਮਸਲੇ ਤੇ ਖੋਜ ਹੋਣੀ ਬਾਕੀ ਹੈ) ਮਾਲੇਰਕੋਟਲਾ ਓਦੋਂ ਅਜੇ ਨਵਾਂ ਨਵਾਂ ਭਾਵ 60 ਕੁ ਸਾਲ ਪਹਿਲਾਂ ਅਫਗਾਨੀ ਪਠਾਣ ਸ਼ੇਖ ਸਦਰੂਦੀਨ ਨੇ ਵਸਾਇਆ ਸੀ। ਲੱਗਦਾ ਗੁਰੂ ਸਾਹਿਬ ਦੀ ਉਸ ਨਾਲ ਸੁਲਤਾਨਪੁਰ ਵਿਖੇ ਪਹਿਲਾਂ ਹੀ ਭੇਟ ਹੋ ਚੁੱਕੀ ਸੀ।





**ਚੌਬਾਰਾ ਸਾਹਿਬ, ਛੀਂਟਾਂਵਾਲੀ, ਮਨਸੂਰਪੁਰ।** ਚੰਦਨ ਦਾਸ ਨੂੰ ਗੁਰੂ ਸਾਹਿਬ ਨੇ ਆਪਣੇ ਪਊਏ (ਖੜਾਵਾਂ) ਬਖਸ਼ੀਆਂ ਸਨ। ਅਜਕਲ ਇਹ ਪਿੰਡ ਛੀਟਾਂਵਾਲੀ ਦੇ ਇਕ ਬ੍ਰਾਹਮਣ ਪ੍ਰਵਾਰ ਕੋਲ ਹਨ। ਇਹ ਖੜਾਵਾਂ ਵੀ ਕਿਸੇ ਵੱਡੇ ਸ਼ਰਧਾਵਾਨ ਸਿੱਖ ਨੇ ਗੁਰੂ ਸਾਹਿਬ ਨੂੰ ਭੇਟ ਕੀਤੀਆਂ ਹੋਣਗੀਆਂ। ਮੱਛੀ ਦੀ ਸ਼ਕਲ ਵਿਚ ਬਣੇ, ਉਤਮ ਕਾਰੀਗਰੀ ਦਾ ਨਮੂਨਾ ਹਨ, ਇਹ ਪਊਏ।

▫ ਕੁਝ ਲਿਖਾਰੀਆਂ ਦਾ ਮੰਨਣਾ ਹੈ ਕਿ ਇਸ ਪਠਾਣ ਨਾਲ ਗੁਰੂ ਸਾਹਿਬ ਦਾ ਮੇਲ ਕਾਦਰਾਬਾਦ ਵਿਖੇ ਹੋਇਆ ਉਹ ਪਿੰਡ ਜੋ ਅੱਜ ਬੇ ਚਰਾਗ ਹੋ ਚੁੱਕਾ ਹੈ ਤੇ ਲਾਗੇ ਪਿੰਡ ਭਸੌੜ ਵਸਦਾ ਹੈ। ਕਾਦਰਾਬਾਦ ਪਠਾਣਾਂ ਨੇ ਹੀ ਵਸਾਇਆ ਸੀ ਜਿੱਥੇ ਕੱਚਾ/ ਪੱਕਾ ਕਿਲਾ ਵੀ ਸੀ। ਪਰ ਬਾਦ ਵਿੱਚ ਪਠਾਣਾਂ ਨੇ ਕਾਦਰਾਬਾਦ ਦੀ ਥਾਂ ਮਲੇਰਕੋਟਲਾ ਨੂੰ ਵਸਾਇਆ ਤੇ ਇਸੇ ਨਗਰ ਨੂੰ ਅਹਿਮੀਅਤ ਦਿੱਤੀ। ਕਾਦਰਾਬਾਦ ਹੌਲੀ ਹੌਲੀ ਖਤਮ ਹੋ ਗਿਆ। ਇਹੋ ਕਾਰਨ ਕੁਝ ਲੋਕ ਗੁਰੂ ਸਾਹਿਬ ਦੀ ਭਸੌੜ ਵਿਖੇ ਆਮਦ ਲਿਖਦੇ ਹਨ।

ਸੋ ਭਸੌੜ (ਕਾਦਰਾਬਾਦ) ਤੋਂ ਗੁਰੂ ਸਾਹਿਬ ਬਾਂਗਾਵਾਲੀ ਗਏ। 1931 ਈ. ਵਿੱਚ ਬਾਂਗਾਵਾਲੀ ਦੇ ਇੱਕ ਫਰਲਾਂਗ ਚੜ੍ਹਦੇ ਪਾਸੇ ਦੋ ਬੋਹੜ ਦੇ ਰੁੱਖਾਂ ਦਰਮਿਆਨ ਖੰਡਰ ਅਵਸਥਾ ਵਿੱਚ ਗੁਰੂ ਸਾਹਿਬ ਦੀ ਯਾਦਗਾਰ ਹੁੰਦੀ ਸੀ। ਨਾਲ ਹੀ ਕੱਚਾ ਸਰੋਵਰ ਵੀ ਹੁੰਦਾ ਸੀ। ਅੱਜ ਦੇ ਹਾਲਾਤਾਂ ਦਾ ਪਤਾ ਨਹੀ। ▫

ਇਥੋਂ ਗੁਰੂ ਸਾਹਿਬ ਪਿੰਡ ਬਨ ਭਾਉਰਾ ਗਏ ਜਿੱਥੇ ਪਿੰਡ ਤੋਂ ਫਰਲਾਂਗ ਦੀ ਦੂਰੀ ਤੇ ਉੱਤਰ ਪੱਛਮ ਵਲ ਗੁਰੂ ਸਾਹਿਬ ਦੀ ਯਾਦਗਾਰੀ ਹੈ। ਕਈ ਗ੍ਰੰਥਾਂ ਮੁਤਾਬਿਕ ਇਥੋਂ ਹੀ ਗੁਰੂ ਸਾਹਿਬ ਛੀਟਾਂਵਾਲੀ ਗਏ।

ਮਾਲੇਰਕੋਟਲੇ ਤੋਂ ਬਾਦ ਗੁਰੂ ਸਾਹਿਬ ਰਾਇਕੋਟ ਕੁਝ ਚਿਰ ਠਹਿਰ ਕੇ ਜਗਰਾਓ ਆਏ। ਜਗਰਾਵਾਂ ਤੋਂ ਪਿੰਡ ਤਿਹਾੜਾ ਲਾਗਿਓ ਸਿੱਧੇ ਸੁਲਤਾਨਪੁਰ ਲੋਧੀ ਲਈ ਦਰਿਆ ਸਤਲੁਜ ਪਾਰ ਕੀਤਾ ਤੇ ਜਾ ਭੈਣ ਨਾਨਕੀ ਨੂੰ ਗਲਵਕੜੀ ਪਾਈ।

-----◈-----

## ਜਦੋਂ ਭੈਣ ਦਾ ਪਿਆਰ ਹਜਾਰਾਂ ਮੀਲਾਂ ਤੋਂ ਖਿੱਚ ਲਿਆਇਆ ਬਾਬੇ ਨੂੰ

ਗੁਰੂ ਸਾਹਿਬ ਓਦੋਂ ਬਰੱਮਾ (ਮਿਆਂਮਾਰ) ਵਿੱਚ ਸਨ ਜਦੋਂ ਮਰਦਾਨੇ ਦੀ ਗਲ ਮੰਨ ਕੇ ਪਿੱਛੇ ਪਰਤਣ ਦਾ ਫੈਸਲਾ ਲਿਆ। ਚਲ ਮਰਦਾਨਿਆ ਚਲਦੇ ਆਂ। ਮਰਦਾਨਾ ਕਹਿਣ ਲੱਗਾ ਬਾਬਾ ਮੈਂ ਕਿੰਨੀ ਵਾਰੀ ਪਰਤਣ ਲਈ ਕਿਹਾ ਪਰ ਤੂੰ ਨਹੀ ਮੰਨਿਆ। ਅੱਜ ਭੈਣ ਦੀ ਯਾਦ ਆਈ ਤਾਂ ਸਾਰੇ ਅਸੂਲ ਭੰਨ ਦਿੱਤੇ ਈ। ਆ

ਗਇਆ ਨਾਂ ਮੋਹ।

ਗੁਰੂ ਸਾਹਿਬ ਨੇ ਕਿਹਾ ਓਏ ਮਰਦਾਨਿਆਂ ਤੂੰ ਇਨਾਂ ਸਿਆਣਾ ਕਿਥੋਂ ਹੋ ਗਿਓ? ਮਰਦਾਨਾ ਕਹਿੰਦਾ ਬਾਬਾ ਤੂੰ ਹੀ ਤਾਂ ਸਭ ਸਿਖਾਇਆ ਏ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਗੁਰਮਤ, ਮਾਰੂਥਲ ਵਿੱਚ ਉਗਿਆ ਠੋਹਰ ਨਹੀ ਹੈ। ਗੁਰਮਤ ਤਾਂ ਹੈ ਹੀ ਸਾਰੀ ਪਿਆਰ ਦੀ ਖੇਡ। ਸਾਡਾ ਨਿਰੰਕਾਰ ਕਿਰਪਾਲੂ ਹੈ ਦਿਆਲੂ ਹੈ। ਜਿਸ ਮੁਹੱਬਤ ਵਿੱਚ ਸੁਆਰਥ ਨਹੀ। ਕਾਮ ਵਾਲੀ ਮੁਹੱਬਤ ਨਹੀ। ਉਹ ਉਹਦੀ ਭਗਤੀ ਤੁਲ ਹੀ ਹੈ। ਮਰਦਾਨਾ ਕਹਿਣ ਲੱਗਾ ਹਾਂ ਬਾਬਾ ਮੈਨੂੰ ਪਤਾ ਹੈ ਬੇਬੇ ਤੈਨੂੰ ਰੱਬ ਜਾਣਦੀ ਹੈ।

ਸੋ ਬਾਬਾ ਜਦੋਂ ਸੁਲਤਾਨਪੁਰ ਲੋਧੀ ਵੜਿਆ ਸ਼ਹਿਰ ਵਿੱਚ ਦੁਹਾਈ ਮਚ ਗਈ। "ਬਾਬਾ ਨਾਨਕ ਆ ਗਿਆ।" "ਬਾਬਾ ਨਾਨਕ ਆ ਗਿਆ।" ਭੈਣ ਦੇ ਆਪਣੇ ਰੱਬ ਰੂਪੀ ਭਰਾ ਨਾਲ ਮੇਲ ਨੂੰ ਕਿਸੇ ਵੀ ਲਿਖਾਰੀ ਨੇ ਲਿਖਣ ਦੀ ਜੁਰਅਤ ਨਹੀ ਕੀਤੀ। ਤੇ ਸ਼ਾਇਦ ਇਹ ਵਾਲੀ ਮੁਹੱਬਤ ਬਿਆਨ ਤੋਂ ਪਰੇ ਹੈ।

ਗੁਰੂ ਸਾਹਿਬ ਲਗ ਪਗ 6 ਸਾਲਾਂ ਬਾਦ ਘਰ ਆਏ।●

-----◈-----

## ਮਾਤਾ ਪਿਤਾ ਬਾਬੇ ਨੂੰ ਮਿਲਣ ਸੁਲਤਾਨਪੁਰ ਆਏ

ਗੁਰੂ ਸਾਹਿਬ ਦੇ ਸੁਲਤਾਨਪੁਰ ਪਹੁੰਚਣ ਤੇ ਅਗਲੀ ਸਵੇਰ ਹੀ ਮਰਦਾਨੇ ਨੇ ਕਾਹਲੀ ਪਾ ਦਿੱਤੀ ਸੀ ਕਿ ਬਾਬਾ ਮੈਨੂੰ ਤਾਂ ਤਲਵੰਡੀ ਜਾਣ ਦੇ। ਗੁਰੂ ਸਾਹਿਬ ਨੇ ਆਗਿਆ ਦੇ ਦਿੱਤੀ ਤੇ ਮਰਦਾਨਾ ਤਲਵੰਡੀ ਪਹੁੰਚ ਗਿਆ। ਮਰਦਾਨੇ ਦੇ ਪਹੁੰਚਣ ਤੇ ਪਿੰਡ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਕਿ ਬਾਬਾ ਨਾਨਕ ਜੀਂਦਾ ਜਾਗਦਾ ਹੈ। ਪਿੰਡ ਵਿੱਚ ਦੀਵਾਲੀ /ਈਦ ਵਾਲਾ ਮਹੌਲ ਬਣ ਗਿਆ। ਸਾਰੇ ਪਿੰਡ ਨੂੰ ਚਾਅ ਚੜ੍ਹ ਗਿਆ। ਮਾਤਾ ਪਿਤਾ ਨੇ ਜਿਵੇ ਸੁਣਿਆ ਦੋਵਾਂ ਦਾ ਹਿਰਦਾ ਖਿੜ ਉਠਿਆ। ਮਾਤਾ ਤ੍ਰਿਪਤਾ ਕਹਿੰਦੀ ਮੈਂ ਹੁਣੇ ਜਾਣੀ ਆ ਮਰਾਸੀਆਂ ਦੇ ਘਰ। ਕਾਲੂ ਨੇ ਕਿਹਾ ਹੌਸਲਾ ਰੱਖ, ਮਰਦਾਨਾ ਆਵੇਗਾ ਮਿਲਣ। ਪਰ ਮਾਂ ਨੂੰ ਹੌਸਲਾ ਕਿਥੇ।

ਜਿਵੇ ਮਰਾਸੀਆਂ ਦੇ ਘਰ ਵਲ ਮਾਤਾ ਮੁੜੀ ਮਰਦਾਨਾ ਅਗਲਵਾਂਡੀ ਮਿਲਣ ਆਇਆ। ਚਰਨਾਂ ਤੇ ਸਤਿ ਕਰਤਾਰ ਕੀਤੀ। ਮਾਤਾ ਨੇ ਲਾਡ ਪਿਆਰ ਦਿੱਤਾ। “ਵੇ ਛੇਤੀ ਦੱਸ, ਕਿਥੇ ਈ ਮੇਰਾ ਨਾਨਕ,” ਮਾਤਾ ਬੋਲੀ। ਮਰਦਾਨੇ ਆਖਿਆ “ਅੰਮਾ ਬਾਬਾ ਜੀ ਸੁਲਤਾਨਪੁਰ ਆ। ਓਨਾਂ ਕੁਝ ਦਿਨ ਬਾਦ ਤਲਵੰਡੀ ਆਉਣਾ ਹੈ। ਅਜੇ ਨਵਾਬ ਤੇ ਹੋਰ ਸੱਜਣਾਂ ਨੂੰ ਮਿਲੇ ਨਹੀ। ਮੈਂ ਤਾਂ ਛੇਤੀ ਅਗਲੇ ਹੀ ਦਿਨ ਆ ਗਿਆ।" ਮਾਤਾ ਬੋਲੀ, “ਉਹ ਸ਼ੁਦਾਈ ਕਿਓ ਨਹੀ ਆਇਆ?” ਮਰਦਾਨੇ ਨੇ ਕਿਹਾ ਅੰਮਾ ਬਾਬੇ ਨੂੰ ਸ਼ੁਦਾਈ ਨਾਂ ਕਹੋ। ਉਹਦੇ ਅੱਗੇ ਤਾਂ ਵੱਡੇ ਵੱਡੇ ਅਕਲ ਵਾਲੇ ਪਾਣੀ ਭਰਦੇ ਨੇ। ਤੂੰ ਤਾਂ ਭਾਗਾਂ ਵਾਲੀ ਨਿਕਲੀ, ਤੇਰੇ ਘਰ ਪੈਗੰਬਰ ਨੇ ਜਨਮ ਲਿਆ ਹੈ। ਉਹ ਤਾਂ ਅਵਤਾਰ ਹੈ ਇਸ ਦੁਨੀਆਂ ਨੂੰ ਤਾਰਨ ਆਇਆ ਹੈ। ਮਾਤਾ ਦਾ ਮੰਨ ਭਰ ਆਇਆ। ਕਹਿੰਦੀ ਵੇ ਉਹ ਕੁਝ ਖਾਂਦਾ ਪੀਂਦਾ ਵੀ ਹੈ ਕਿ ਨਹੀ? ਮੇਰਾ ਪੁੱਤ ਲਿੱਸਾ ਹੋ ਗਇਆ ਹੋਣੈ? 6 ਸਾਲ ਹੋ ਗਏ ਨੇ ਘਰੋ ਨਿਕਲੇ ਨੂੰ। ਉਨੂੰ ਤਾਂ ਘਰ ਵੀ ਕੁਝ ਖਾਣ ਪੀਣ ਦੀ ਪ੍ਰਵਾਹ ਨਹੀ ਸੀ ਹੁੰਦੀ, ਹੁਣ ਕਿਥੇ ਉਹ ਖਾਂਦਾ ਹੋਵੇਗਾ? ਮਰਦਾਨਾ ਕਹਿਣ ਲੱਗਾ ਅੰਮਾ ਉਹ ਤਾਂ ਸਾਰੀ ਸ੍ਰਿਸਟੀ ਨੂੰ ਰਿਜਕ ਦਿੰਦਾ ਹੈ ਉਹਨੂੰ ਖਾਣ ਦਾ ਕੀ ਘਾਟਾ। ਬਾਕੀ ਬੇਬੇ ਨੂੰ ਮੈਂ ਵਾਇਦਾ ਕਰਕੇ ਨਿਕਲਿਆ ਸੀ ਕਿ ਆਪ ਰੋਟੀ ਮਗਰੋਂ ਖਾਵਾਂਗਾ ਪਹਿਲਾਂ ਬਾਬੇ ਨੂੰ ਖੁਆਂਵਾਂਗਾ। ਪਰ ਉਹ ਮਰਜੀ ਦਾ ਮਾਲਕ ਹੈ, ਜੀਅ ਆਏ ਤਾਂ ਕੁਝ ਖਾ ਲਏ ਨਹੀ ਤਾਂ 2-2, 3-3 ਦਿਨ ਤੱਕ ਉਨੂੰ ਭੁੱਖ ਹੀ ਨਹੀ ਲੱਗਦੀ। ਮਾਤਾ ਕਹਿੰਦੀ ਮਰਦਾਨਿਆ ਜਾ ਉਨੂੰ ਲੈ ਕੇ ਆ। ਪਿਤਾ ਕਾਲੂ ਨੇ ਕਿਹਾ ਹੌਸਲਾ ਰੱਖ ਅਜੇ ਮਰਦਾਨਾ ਆਇਆ ਹੈ ਇਨੂੰ ਕੁਝ ਖੁਆਓ ਪਿਆਓ।

ਅੰਮਾਂ ਨੇ ਰੋਟੀ ਪਾਣੀ ਤੋਂ ਬਾਦ ਮਰਦਾਨੇ ਨੂੰ ਮਠਿਆਈ ਦਾ ਥਾਲ ਤੇ ਨਾਲ ਰੇਜਾ ਦਿੱਤਾ। ਮਰਦਾਨਿਆ ਭਲਕੇ ਫਿਰ ਆਵੀ ਮੇਰੇ ਪੁੱਤ ਦੀਆਂ ਮੈਨੂੰ ਗੱਲਾਂ ਦੱਸੀ।

ਮਾਂ ਕੋਲੋ ਰਿਹਾ ਨਾਂ ਗਇਆ ਤੇ ਕਹਿਣ ਲੱਗੀ ਮੈਂ ਤਾਂ ਆਪੇ ਜਾਂਨੀ ਆਂ ਸੁਲਤਾਨਪੁਰ। ਸੋਚ ਵਿੱਚਾਰ ਕੇ ਕਾਲੂ ਵੀ ਤਿਆਰ ਹੋ ਗਿਆ, "ਚਲ ਮੈਂ ਨਾਲ ਜਾਂਨੈ। ਉਸ ਨਾਲਾਇਕ ਦਾ ਕੋਈ ਪਤਾ ਨਹੀ। ਕਿਤੇ ਫਿਰ ਨਾਂ ਨਿਕਲ ਜਾਏ।"

ਓਧਰ ਖਬਰ ਰਾਇ ਬੁਲਾਰ ਤੱਕ ਵੀ ਪਹੁੰਚ ਗਈ। ਬੁਲਾਰ ਨੇ ਮਰਦਾਨੇ ਨੂੰ ਸੁਨੇਹਾ ਭੇਜ ਆਪਣੇ ਕੋਲ ਬੁਲਾ ਲਿਆ। ਮਰਦਾਨੇ ਨੇ ਸਾਰੀਆਂ ਗੱਲਾਂ ਦੱਸੀਆਂ ਕਿ ਰਾਇ ਸਾਹਿਬ ਤੁਹਾਡੇ ਪਿੰਡ ਵਿੱਚ ਇਲਾਹੀ ਨੂਰ ਪੈਦਾ ਹੋਇਆ ਹੈ। ਉਹ ਸਾਰੀ ਦੁਨੀਆਂ ਨੂੰ ਰੁਸ਼ਨਾਅ ਦੇਵੇਗਾ। ਰਾਇ ਨੇ ਕਿਹਾ ਕਿ ਮਰਦਾਨਿਆ ਕਿਸੇ ਤਰਾਂ ਨਾਨਕ ਨੂੰ ਪਿੰਡ ਲੈ ਕੇ ਆ। ਮਰਦਾਨੇ ਨੇ ਦੱਸਿਆ ਕਿ "ਬਾਬੇ ਦੇ ਮਾਪੇ ਵੀ ਕਲ੍ਹ ਨੂੰ ਜਾ ਰਹੇ ਨੇ ਸੁਲਤਾਨ ਪੁਰ ਉਨੂੰ ਮਿਲਣ। ਪਰ ਜਜਮਾਨ! ਬਾਬੇ ਦਾ ਟੱਬਰ ਨਾਲ ਕੋਈ ਮੋਹ ਨਹੀ ਹੈ। ਉਹ ਤਾਂ ਪਿਆਰ ਸ਼ਰਧਾ ਕਰਕੇ ਜਦੋਂ ਕੋਈ ਯਾਦ ਕਰਦਾ ਹੈ ਤਾਂ ਪਹੁੰਚ ਜਾਂਦਾ ਹੈ।"

ਰਾਇ ਨੇ ਕਿਹਾ ਮਰਦਾਨਿਆ ਜਾ ਕਾਲੂ ਨੂੰ ਸੱਦ ਲਿਆ। ਕਾਲੂ ਆਇਆ ਤੇ ਉਨੂੰ ਰਾਇ ਨੇ ਕਿਹਾ ਕਿ ਕਾਲੂ ਜਾ ਨਾਨਕ ਕੋਲ ਤੇ ਮੇਰਾ ਸੁਨੇਹਾ ਦੇਈ ਕਿ ਰਾਇ ਤੈਨੂੰ ਮਿਲਣਾ ਚਾਹੁੰਦਾ ਹੈ। ਮੇਰੇ ਵਲੋ ਅਧੀਂਨਗੀ ਵਾਲੀ ਗੁਜਾਰਿਸ਼ ਕਰਨੀ, ਅਰਦਾਸ ਕਰਨੀ ਕਿ ਤੁਹਾਡਾ ਬਿਰਧ ਤੁਹਾਨੂੰ ਯਾਦ ਕਰਦਾ ਹੈ। ਮੈਂ ਬਿਰਧ ਹੋ ਚੁੱਕਾ ਹਾਂ ਸਰੀਰ ਦਾ ਕੋਈ ਪਤਾ ਨਹੀ।"

ਤੀਸਰੇ ਦਿਨ ਦੋਵੇ ਜੀ ਘੋੜੀ ਚੜ੍ਹ ਸਿੱਧਾ ਸੁਲਤਾਨਪੁਰ ਰਵਾਨਾ ਹੋ ਗਏ। 150 ਕਿਲੋ ਮੀਟਰ ਦਾ ਪੈਂਡਾ, ਦੋ ਦਰਿਆ ਪਾਰ ਕਰਕੇ, ਤਲਵੰਡੀ ਪਹੁੰਚੇ। ਪਤਾ ਲੱਗਾ ਨਾਨਕ ਤਾਂ ਵੇਈਂ ਕਿਨਾਰੇ ਆਪਣੇ ਪੁਰਾਣੇ ਬੇਲੀਆਂ ਨਾਲ ਬੈਠਾ ਹੋਵੇਗਾ। ਮਾਂ ਤ੍ਰਿਪਤਾ ਨੇ ਗਵਾਂਢ ਦੇ ਬੱਚਿਆ ਨੂੰ ਨਾਲ ਲਿਆ ਤੇ ਓਥੇ ਪਹੁੰਚ ਗਈ ਜਿੱਥੇ ਅਜ ਕਲ੍ਹ ਬੇਰ ਸਾਹਿਬ ਗੁਰਦੁਆਰਾ ਹੈ।

ਜਦੋਂ ਕਿਸੇ ਨੇ ਦੱਸਿਆ ਕਿ ਕੋਈ ਮਾਤਾ ਮੁੰਡਿਆਂ ਦੇ ਨਾਲ ਇਧਰ ਨੂੰ ਆ ਰਹੀ ਹੈ ਤਾਂ ਬਾਬਾ ਨਾਨਕ ਅਗਲਵਾਂਢੀ ਹੋ ਕੇ ਮਾਂ ਨੂੰ ਮਿਲੇ। ਮਾਂ ਨੇ ਮੱਥਾ ਚੁੰਮਿਆ। ਗਲ ਨਾਲ ਲਾਇਆ। ਉੱਚੀ ਉੱਚੀ ਰੋਈ। ਬਾਬੇ ਦੇ ਵੀ ਦੋ ਅਥਰੂ ਕਿਰੇ। "ਵੇ ਆ ਕੀ ਹਾਲ ਬਣਾ ਲਿਆ ਈ ਸਰੀਰ ਦਾ। ਮੈਂ ਮਲਾਈਆਂ ਮੱਖਣਾਂ ਨਾਲ ਪੁੱਤ

ਪੈੜ ਸੱਚ

◈ ਸਾਈਕਲ ਯਾਤਰੀ -213. ਜਿੱਥੇ ਗੁਰੂ ਸਾਹਿਬ ਨੇ ਆਰਾਮ ਕੀਤਾ ਸੀ ਉਹ ਚੁੱਬਾਰਾ ਸੰਨ 1931ਈ ਤੱਕ ਬਿਲਕੁਲ ਠੀਕ ਠਾਕ ਖੜਾ ਸੀ।

ਸੁਭਾਵਕ ਹੈ ਬਾਦ ਵਿੱਚ ਕਾਰ ਸੇਵਾ ਵਾਲੇ ਮੂਰਖਾਂ ਨੇ ਉਸ ਦੀ ਵੀ ਕਾਰ ਸੇਵਾ ਕਰ ਦਿੱਤੀ। ◘ ਸਾਈਕਲ ਯਾਤਰੀ -214.

ਪਾਲਿਆ ਸੀ। "

ਮਾਤਾ ਦੇ ਸਾਹਮਣੇ ਸਰੀਰੋਂ ਪਤਲਾ ਦੁਬਲਾ 43 ਸਾਲਾਂ ਦਾ ਇੱਕ ਜਵਾਨ, ਸਿਰ ਤੇ ਦੋ ਗਜ ਦਾ ਪਰਨਾ ਬੱਧਾ ਹੋਇਆ ਹੈ, ਇੱਕ ਚਾਦਰ ਤੇੜ ਬੱਧੀ ਹੋਈ ਹੈ ਤੇ ਇੱਕ ਖੱਦਰ ਦੀ ਚਾਦਰ ਪਿੰਡੇ ਦੁਆਲੇ ਹੈ।

ਸਾਰੀ ਢਾਣੀ ਜੈਰਾਮ ਦੇ ਘਰ ਵਲ ਹੋ ਤੁਰੀ।

ਘਰ ਪਹੁੰਚੇ। ਪਿਤਾ ਨੇ ਜੱਫੀ ਵਿੱਚ ਲਿਆ। ਕੁਝ ਵੀ ਬੋਲਣ ਦੀ ਹਾਲਤ ਵਿੱਚ ਨਹੀ ਸੀ। ਲੰਮਾਂ ਚਿਰ ਚੁੱਪ ਛਾਈ ਰਹੀ। ਅਖੀਰ ਬਾਬੇ ਨੇ ਪਿਤਾ ਨੂੰ ਕਿਹਾ ਕਿ ਸਰੀਰ ਦਾ ਕੀ ਹਾਲ ਚਾਲ ਹੈ? ਪਿਤਾ ਨੇ ਫਿਰ ਉਲਾਹਮਾ ਮਾਰ ਦਿੱਤਾ, "ਤੈਨੂੰ ਸਾਡੇ ਸਰੀਰ ਨਾਲ ਕੀ?" ਠੀਕ ਆ ਅਸੀ ਤੈਨੂੰ ਕਾਰੋਬਾਰ ਕਰਨ ਵਾਸਤੇ ਨਹੀ ਕਹਿੰਦੇ ਪਰ ਰਹੋ ਤਾਂ ਨੇੜੇ। 5 ਸਾਲ ਬਾਦ ਆਇਓਂ। ਤੈਨੂੰ ਕੀ ਕੋਈ ਮਰੇ ਕੋਈ ਜੀਵੇ। " ਗੁਰੂ ਸਾਹਿਬ ਚੁੱਪ ਰਹੇ।

ਪਿਤਾ ਨੇ ਪੁਛਿਆ, "ਅੰਞਾਣਿਆਂ ਨੂੰ ਮਿਲਿਓਂ?" ਗੁਰੂ ਸਾਹਿਬ ਨੇ ਕਿਹਾ ਕਿ ਬੇਬੇ ਜੀ ਨੇ ਪੱਖੋਕੇ ਸੁਨੇਹਾ ਭੇਜ ਦਿੱਤਾ ਕਿ ਆ ਕੇ ਮਿਲ ਲਓ। ਪਿਤਾ ਨੂੰ ਫਿਰ ਗੁੱਸਾ ਆ ਗਿਆ, "ਤੂੰ ਕੀ ਸਮਝਦੈ ਕਿ ਮੂਲਾ ਬੱਚਿਆਂ ਨੂੰ ਇਸ ਤਰਾਂ ਘੱਲ ਦੇਵੇਗਾ? ਜਾ ਕੇ ਆਪ ਲੈ ਕੇ ਆ ਆਪਣਾ ਟੱਬਰ। "

ਪਿਤਾ ਨੇ ਕਿਹਾ ਰਾਇ ਬੁਲਾਰ ਨੇ ਸੁਨੇਹਾ ਦਿੱਤਾ ਕਿ ਮੇਰਾ ਸਰੀਰ ਬਿਰਧ ਹੋ ਚੁੱਕੈ ਮੇਰੀ ਗੁਜਾਰਿਸ਼ ਹੈ ਮੈਨੂੰ ਇੱਕ ਵਾਰ ਆ ਕੇ ਮਿਲ ਜਾ। " ਬਾਬੇ ਨੇ ਪਿਤਾ ਨੂੰ ਕਿਹਾ ਕਿ "ਅਜੇ ਮੈਂ ਨਵਾਬ ਸਾਹਿਬ ਨੂੰ ਵੀ ਨਹੀ ਮਿਲਿਆ। ਰਾਇ ਸਾਹਿਬ ਨੂੰ ਕਹਿਣਾ ਮੈਂ ਆਉਨਾਂ ਕਿਸੇ ਦਿਨ। " ਇੱਕ ਦੋ ਦਿਨ ਬਾਦ ਮਾਤਾ ਪਿਤਾ ਪਰਤ ਆਏ।

ਬੇਬੇ ਜੀ ਦੇ ਭੇਜੇ ਸੁਨੇਹੇ ਦੇ ਬਾਵਜੂਦ ਮਾਤਾ ਸੁਲੱਖਣੀ ਤੇ ਸਹਿਬਜਾਦੇ ਗੁਰੂ ਸਾਹਿਬ ਨੂੰ ਸੁਲਤਾਨਪੁਰ ਮਿਲਣ ਨਾਂ ਆਏ। ਸਹੁਰੇ ਮੂਲੇ ਚੋਣੇ ਨੇ ਜਿੱਦ ਜਾਰੀ ਰੱਖੀ ਕਿ ਪ੍ਰਾਹੁਣਾ ਆਪ ਆ ਕੇ ਬੱਚਿਆ ਨੂੰ ਲੈ ਕੇ ਜਾਏ। ਚੋਣਿਆ ਦਾ ਤਲਵੰਡੀ ਵਾਲਿਆਂ ਤੇ ਗਿੱਲਾ ਸੀ ਕਿ ਓਨਾਂ ਨੂੰ ਪਤਾ ਸੀ ਕਿ "ਨਾਨਕ ਸਾਧੂ ਸੁਭਾਅ ਦਾ ਹੈ ਓਨਾਂ ਨੇ ਸਾਡੀ ਧੀ ਕਿਓ ਰੋੜੀ। ਓਨਾਂ ਸਾਡੇ ਨਾਲ ਧੋਖਾ ਕੀਤਾ ਹੈ। " ਨਾਲੇ ਛੋਟੇ ਸਹਿਬਜਾਦੇ ਲਖਮੀ ਚੰਦ ਦਾ ਵਿਆਹ ਚੋਣਿਆਂ ਨੇ ਆਪ ਰੱਖਿਆ ਸੀ। ਧਿਆਨ ਰਹੇ ਪਹਿਲਾਂ ਲਖਮੀ ਚੰਦ ਦਾ ਵਿਆਹ (1503 ਈ.) ਸਿਆਲ ਕੁੜਮਾਂ ਦੇ ਘਰ ਗੁਰੂ ਸਾਹਿਬ ਹੱਥੀਂ ਕਰ ਗਏ ਸਨ। ਬਦਕਿਸਮਤੀ ਨਾਲ ਉਹ ਸਿਆਲੀ ਨੂੰਹ ਸੂਤਕ ਵਿਚ ਹੀ ਗੁਜਰ ਗਈ ਸੀ। ਐਤਕਾਂ ਲਖਮੀ ਚੰਦ ਦਾ ਵਿਆਹ ਬਟਾਲੇ ਦੇ ਭੰਡਾਰੀ ਪ੍ਰਵਾਰ 'ਚ ਰੱਖਿਆ ਸੀ।

ਓਧਰ ਗੁਰੂ ਸਾਹਿਬ ਨੇ ਸੁਨੇਹਾ ਭੇਜ ਕੇ ਭਾਈ ਸਨਮੁਖ ਨੂੰ ਵੀ ਲਹੌਰੋਂ ਸੱਦਿਆ। ਸਨਮੁੱਖ ਕੋਲੋ ਪੁੱਛਿਆ ਕਿ ਕੀ ਉਹ ਸ੍ਰੀ ਲੰਕਾ ਜਾਣ ਲਈ ਬਾਬੇ ਦਾ ਸਾਥ ਦੇਵੇਗਾ? ਸਨਮੁੱਖ ਅਗਰਵਾਲ ਨੇ ਆਪਣੀਆਂ ਕਾਰੋਬਾਰੀ ਮਜਬੂਰੀਆਂ ਦਸੀਆਂ। ਸਨਮੁੱਖ ਨੇ ਗੁਰੂ ਸਾਹਿਬ ਨੂੰ ਰਸਤੇ ਬਾਰੇ ਸਾਰਾ ਵਿਸਥਾਰ ਦੱਸਿਆ ਕਿ ਬੇਸ਼ੱਕ ਤੁਸੀ ਇਥੋਂ ਹੀ ਬੇੜੀ ਲੈ ਲਓ ਜਾਂ ਲਖਪਤ ਬੰਦਰ ਤੋਂ ਲਓ। ਪੰਜਾਬ ਦੇ ਦਰਿਆਵਾਂ ਤੇ ਓਨੀ ਦਿਨੀ ਬੇੜੀ ਪੈਂਦੀ ਸੀ ਭਾਵ ਜਹਾਜਰਾਨੀ ਪ੍ਰਚਲਤ ਸੀ।

-----◈-----

## ਬਖਸ਼ਿਆ ਗਇਆ ਰਾਏ ਬੁਲਾਰ

ਕੁਝ ਦਿਨ ਪੱਖੋਕੇ ਇਲਾਕੇ ਵਿੱਚ ਪ੍ਰਚਾਰ ਕਰਕੇ ਗੁਰੂ ਸਾਹਿਬ ਲਹੌਰ ਰਸਤੇ ਤਲਵੰਡੀ ਪਹੁੰਚੇ। ਲੱਗਦੈ ਲਹੌਰ ਨਵਾਬ ਨਾਲ ਵੀ ਮੇਲ ਹੋਇਆ ਹੋਵੇਗਾ। ਤਲਵੰਡੀ ਆਪਣੇ ਘਰ ਜਾਣ ਦੇ ਬਿਜਾਏ ਬਾਲੇ ਦੇ ਖੂਹ ਤੇ ਪਹਿਲਾਂ ਪਹੁੰਚੇ। ਫਿਰ ਓਥੋਂ ਸਿੱਧੇ ਰਾਇ ਬੁਲਾਰ ਦੇ ਘਰ ਉਨੂੰ ਜਾ ਮਿਲੇ। ਸਲਾਮ ਕੀਤਾ। ਰਾਇ ਮੰਜੇ ਤੋਂ ਉਠਣ ਲੱਗਾ ਸੀ ਕਿ ਬਾਬੇ ਨੇ ਰਾਇ ਦੇ ਪੈਰ ਫੜ ਕੇ ਕਿਹਾ 'ਨਹੀ ਰਾਇ ਸਾਹਿਬ ਤੁਸੀ ਬੈਠੋ।' ਬਾਬੇ ਨੂੰ ਰਾਇ ਨੇ ਮੰਜੇ ਤੇ ਬੈਠਾ ਲਿਆ। ਰਾਇ ਬੇਚੈਨ ਹੋ ਗਿਆ। ਕਹਿਣ ਲੱਗਾ "ਨਾਨਕ ਤੇਰੇ ਪੈਰਾਂ ਤੇ ਸਿਰ ਰੱਖਣ ਵਾਸਤੇ ਤਾਂ ਤੈਨੂੰ ਸੱਦਿਆਂ ਹੈ। ਤੂੰ ਮੇਰੇ ਪੈਰੀ ਹੱਥ ਲਾ ਕੇ ਮੇਰੇ ਤੇ ਜੁਲਮ ਕੀਤਾ ਈ। ਮੈਨੂੰ ਤੇਰੇ ਅਸ਼ੀਰਵਾਦ, ਤੇਰੀ ਰਹਿਮਤ ਦੀ ਭੁੱਖ ਹੈ। ਮੇਰਾ ਦਿਲ ਤਾਂ ਚਾਹੁੰਦਾ ਸੀ ਤੈਨੂੰ ਆਪ ਜਾ ਸੁਲਤਾਨਪੁਰ ਮਿਲਦਾ ਪਰ ਇਹ ਉਮਰ ਦਾ ਤਕਾਜ਼ਾ ਇਜਾਜਤ ਨਹੀ ਦਿੰਦਾ। ਨਾਨਕ ਮੇਰੇ ਤੇ ਮਿਹਰ ਕਰ। ਮੈਨੂੰ ਬਖਸ਼ ਲਓ। ਮੇਰੇ ਨਾਲ ਧੋਖਾ ਨਾਂ ਕਰ। ਮੈਂ ਤੈਨੂੰ ਪਛਾਣਦਾ ਵਾਂ। ਮੇਰੇ ਤੇ ਤਰਸ ਕਰ। "

ਗੁਰੂ ਸਾਹਿਬ ਨੇ ਕਿਹਾ ਰਾਇ ਸਾਹਿਬ ਤੁਸੀ ਧੁਰ ਦਰਗਾਹੋਂ ਬਖਸ਼ੇ ਹੋਏ ਹੋ।

ਰਾਇ ਕਿਹਾ ਮੈਨੂੰ ਉਸ ਦਾ ਪਤਾ ਨਹੀ ਮੈਨੂੰ ਤੇਰੀ ਬਖਸ਼ਸ਼ ਚਾਹੀਦੀ ਹੈ। ਬਾਬੇ ਨੇ ਕਿਹਾ ਖੁੱਦਾ ਤੁਹਾਡੇ ਨਾਲ ਹੈ।

ਰਾਇ ਕਹਿਣ ਲੱਗਾ ਨਾਨਕ ਨਾਂਹ ਨਾਂ ਕਰੀ ਮੈਨੂੰ ਇੱਕ ਵਾਰ ਤੇਰੇ ਪੈਰਾਂ ਤੇ ਸਿਰ ਰੱਖ ਲੈਣਦੇ। ਜਨਮ ਸਾਖੀ ਵਿੱਚ ਆਉਦਾ ਹੈ ਕਿ ਬਾਬੇ ਨੇ ਫਿਰ ਬਖਸ਼ ਦਰ ਰਾਇ ਬੁਲਾਰ ਲਈ ਖੋਲ ਦਿੱਤਾ।


ਏਨੇ ਨੂੰ ਮਾਤਾ ਤ੍ਰਿਪਤਾ ਆ ਗਈ। ਬਾਬੇ ਨੂੰ ਗਲਵਕੜੀ ਵਿੱਚ ਲੈ ਲਿਆ। ਫਿਰ ਉਚੀ ਉਚੀ ਰੋਣਾ ਸ਼ੁਰੂ ਹੋ ਗਿਆ।

ਰਾਇ ਬੁਲਾਰ ਨੇ ਹੁਕਮ ਦੇ ਦਿੱਤਾ ਕਿ ਅੱਜ ਨਾਨਕ ਖਾਣਾ ਸਾਡੇ ਨਾਲ ਖਾਏਗਾ। ਮੁਸਲਮਾਨਾਂ ਤੇ ਹਿੰਦੂਆਂ ਦਾ ਖਾਣਾ ਉਦੋਂ ਵੀ ਸਾਂਝਾ ਨਹੀ ਸੀ ਹੁੰਦਾ। ਸੋ ਰਾਇ ਬੁਲਾਰ ਨੇ ਹੁਕਮ ਦਿੱਤਾ ਕਿ ਬਾਬੇ ਨਾਨਕ ਲਈ ਅੱਜ ਬੱਕਰਾ ਵੱਢਿਆ ਜਾਵੇ। ਮਠਿਆਈਆਂ ਲਿਆਂਦੀਆਂ ਜਾਣ। ਨਿਧੇ ਬ੍ਰਾਹਮਣ ਨੂੰ ਹੁਕਮ ਕਰਕੇ ਸੱਦਿਆ ਗਇਆ ਕਿ ਉਹ ਗੁਰੂ ਸਾਹਿਬ ਲਈ ਰਸੋਈ ਤਿਆਰ ਕਰੇ।

ਪੈੜ ਸਫ਼ਾ

● ਬਾਕੀ ਲਿਖਾਰੀਆਂ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਪੂਰੇ ਭਾਰਤ ਤੇ ਲੰਕਾ ਦਾ ਭਰਮਣ ਕਰਕੇ ਪਰਤਣਾ ਕੀਤਾ। ਪਰ ਰਵਾਇਤ ਇਹ ਦਸਦੀ ਹੈ ਕਿ ਗੁਰੂ ਸਾਹਿਬ ਭੈਣ ਨੂੰ ਮਿਲਣ ਨੂੰ ਸਫਰ ਵਿੱਚੇ ਛੱਡ ਆ ਜਾਂਦੇ ਸਨ। ਦੂਸਰੇ ਪਾਸੇ ਜਗਨ ਨਾਥ ਪੁਰੀ ਤੋਂ ਇਸ ਪਾਸੇ ਦਾ ਰੂਟ ਗਹੁ ਨਾਲ ਵਾਚੀਏ ਤਾਂ ਇਹੋ ਸਮਝ ਪੈਂਦੀ ਹੈ ਕਿ ਗੁਰੂ ਸਾਹਿਬ ਵਾਪਸੀ ਤੇ ਸੇਧ ਵਿੱਚ ਚਲ ਰਹੇ ਸਨ। ਇਸ ਪ੍ਰਕਾਰ ਸਾਨੂੰ ਗਿਆਨੀ ਜੀ ਦੀ ਖੋਜ ਜਿਆਦਾ ਜਚੀ ਹੈ। ਬਹੁਤੀ ਥਾਂਈ ਤਾਂ ਗਿਆਨੀ ਜੀ ਆਪ ਵੀ ਪਹੁੰਚੇ ਤੇ ਸਥਾਨਕ ਰਵਾਇਤ ਦੀ ਖੋਜ ਕੀਤੀ। ਪ੍ਰਸਿਧ ਇਤਹਾਸਕਾਰ ਸੁਰਿੰਦਰ ਸਿੰਘ ਕੋਹਲੀ ਨੇ ਤਾਂ ਕਈ ਥਾਂਈ ਅੱਖਾਂ ਬੰਦ ਕਰਕੇ ਗਿਆਨੀ ਨੂੰ ਅਪਣਾਇਆ ਹੈ।

ਗਿਆਨੀ ਨੇ ਪਰਤਣ ਦਾ ਪੋਹ 1566 ਬਿਕ੍ਰਮੀ ਮੁਤਾਬਿਕ ਦਸੰਬਰ 1509 ਈ. ਕੱਢਿਆ ਹੈ। ਜਿਸ ਦਾ ਮਤਲਬ ਹੈ ਰਵਾਨਾ 1561ਬਿ. ਮੁਤਾਬਿਕ 1504 ਨੂੰ ਹੋਏ ਸਨ। ਦੂਸਰੇ ਪਾਸੇ ਜੋ ਪੱਕੇ ਇਤਹਾਸ ਸਬੂਤ ਹਨ ਉਹਨਾਂ ਮੁਤਾਬਿਕ ਗੁਰੂ ਸਾਹਿਬ ਦਾ ਪਰਤਣਾ 1512 ਈ. ਵਿਚ ਬਣਦਾ ਹੈ। ਕਿਉਕਿ ਪੁਰੀ ਵਿਚ ਚੈਤੰਨਿੱਆ ਮਹਾਂਪ੍ਰਭੂ ਨਾਲ ਮੇਲ 1511 ਈ ਤੋਂ ਪਹਿਲਾਂ ਸੰਭਵ ਨਹੀ। ਦੂਸਰਾ ਬ੍ਰਹਮਾ ਵਿਚ ਆਵਾ ਦੇ ਸੁਨਿਹਰੀ ਮਹਿਲ ਦਾ ਉਦਘਾਟਨ ਛਨਿਛਰਵਾਰ 22 ਫਰਵਰੀ 1511ਈ. ਨੂੰ ਹੁੰਦਾ ਹੈ। ਇਹੋ ਤਰੀਖਾਂ ਹੀ ਫਿਰ ਆਉਣ ਵਾਲੀਆਂ ਘਟਨਾਵਾਂ ਨਾਲ ਵੀ ਮੇਲ ਖਾਂਦੀਆਂ ਹਨ। ਪੱਖੋਕੇ ਗੁਰੂ ਸਾਹਿਬ ਅਖੀਰ1512 ਈ. ਵਿਚ ਪਹੁੰਚਦੇ ਹਨ।



ਘੋੜੇ ਤੇ ਸਵਾਰ ਹੋ ਮਾਤਾ ਪਿਤਾ ਗੁਰੂ ਸਾਹਿਬ ਨੂੰ ਮਿਲਣ ਆਏ। ਬੀ:40 ਨੇ ਨਾਲ ਮਰਦਾਨਾ ਵੀ ਦਿਖਾ ਦਿੱਤਾ ਹੈ ਜੋ ਗਲਤ ਹੈ।

ਇਸ ਮੋਕੇ ਤੇ ਫਿਰ ਗੁਰੂ ਸਾਹਿਬ ਨੇ ਸਵਾਦੂ ਭੋਜਨ ਬਾਬਤ ਸ਼ਬਦ ਉਚਾਰਿਆ।

**ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥ ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥ ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥ ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥ ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥**

ਗੁਰੂ ਸਾਹਿਬ ਕੁਲ ਮਿਲਾਕੇ ਕੋਈ ਤਿੰਨ ਮਹੀਨੇ ਪੰਜਾਬ (ਤਲਵੰਡੀ ਜਾਂ ਪੱਖੋਕੇ) ਰਹੇ। ਪਿੰਡ ਵਿੱਚ ਤਾਂ ਮੇਲਾ ਹੀ ਲੱਗਾ ਰਹਿੰਦਾ। ਸਾਧੂ ਸੰਤ, ਰੋਗੀ, ਦੁੱਖੀ ਬੇਚੈਨ ਲੋਕ ਦੂਰੋਂ ਢੁੱਕ ਰਹੇ ਸਨ। ਹੁਣ ਮਹਿਤਾ ਕਾਲੂ ਨੂੰ ਵੀ ਕੁਝ ਅਹਿਸਾਸ ਹੋ ਰਿਹਾ ਸੀ ਕਿ ਸਾਰੀ ਦੁਨੀਆ ਗਲਤ ਨਹੀ ਹੋ ਸਕਦੀ। ਮਾਤਾ ਤ੍ਰਿਪਤਾ ਰੋਜ ਲੰਗਰ ਵਿੱਚ ਰੁਝੀ ਰਹਿੰਦੀ ਸੀ। ਕਦੀ ਮਹਿਤਾ ਜੀ ਨੂੰ ਖਿੱਝ ਵੀ ਆ ਜਾਂਦੀ ਸੀ।

ਰਾਇ ਬੁਲਾਰ ਨੇ ਫਿਰ ਬੜੀ ਅਧੀਨਗੀ ਸਾਹਿਤ ਅਰਜ ਕੀਤੀ ਕਿ ਮੈਨੂੰ ਕੋਈ ਸੇਵਾ ਬਖਸ਼ੋ। ਗੁਰੂ ਸਾਹਿਬ ਨੇ ਕਿਹਾ ਕਿ ਨਿਰੰਕਾਰ ਹਰ ਜੀਅ ਦੀ ਸੇਵਾ ਧੁਰੋ ਲਾ ਕੇ ਭੇਜਦਾ ਹੈ। ਰਾਇ ਦੇ ਬਾਰ ਬਾਰ ਅਰਜ ਕਰਨ ਤੇ ਗੁਰੂ ਸਾਹਿਬ ਨੇ ਕਿਹਾ ਕਿ ਮੈਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਦੀ ਲੋੜ ਹੁੰਦੀ ਹੈ ਪਰ ਮੈਂ ਅਕਸਰ ਵੇਖਦਾ ਹਾਂ ਮਨੇਰੇ ਕੋਈ ਟੋਬਾ ਖੂਹ ਨਹੀ ਚਲ ਰਿਹਾ ਹੁੰਦਾ।

ਰਾਇ ਤੁਰੰਤ ਤਾੜ ਗਇਆ ਤੇ ਅਰਜ ਕੀਤੀ ਕਿ ਤਲਵੰਡੀ ਵਿੱਚ ਤੁਹਾਡੇ ਨਾਂ ਦਾ ਟੋਬਾ (ਤਲਾਬ) ਹੋਵੇਗਾ। (ਗੁਰਦੁਆਰਾ ਬਾਲ ਲੀਲਾ ਨਾਲ ਜੋ ਤਲਾਬ ਹੈ ਇਹ ਓਹੋ ਟੋਬਾ ਹੀ ਹੈ ਜੋ ਰਾਇ ਬੁਲਾਰ ਨੇ ਪੁਟਵਾਇਆ ਸੀ।)

ਗੁਰੂ ਸਾਹਿਬ ਤਲਵੰਡੀ ਤੋਂ ਘੁੰਮਦੇ ਘੁੰਮਾਦੇ ਪੱਖੋਕੇ ਅਜਿੱਤੇ ਦੇ ਖੂਹ ਤੇ ਪਰਤ ਆਏ।

ਮਰਦਾਨਾ ਪਹਿਲਾਂ ਤਾਂ ਸੋਚ ਕੇ ਪਰਤਿਆ ਸੀ ਕਿ ਅੱਗੇ ਤੋਂ ਬਾਬੇ ਨਾਲ ਨਹੀ ਜਾਣਾ। ਤਿੰਨ ਮਹੀਨੇ ਘਰ ਰਹਿ ਕੇ ਤੇ ਜੋ ਸਤਿਕਾਰ ਲੋਕਾਂ ਤੋਂ ਉਸਨੂੰ ਮਿਲਿਆ ਸੀ ਉਹਦਾ ਮੰਨ ਫਿਰ ਸੈਲ ਕਰਨ ਲਈ ਤਿਆਰ ਹੋ ਗਿਆ। ਇਕੱਠੇ ਹੋਏ ਲੋਕਾਂ ਨੂੰ ਉਹ ਦੂਰ ਦੇਸ਼ਾਂ ਵਿੱਚ ਕੀਤੀ ਸੈਰ ਬਾਰੇ ਦਸਦਾ ਸੀ। ਲੋਕ ਸੁਣ ਸੁਣ ਹੈਰਾਨ ਸਨ ਕਿ ਬਾਬਾ ਕਦੀ ਬਾਦਸ਼ਾਹਾਂ ਦਾ ਪ੍ਰਾਹੁਣਾ ਹੁੰਦਾ ਕਦੀ ਫਕੀਰਾਂ ਦਾ ਤੇ ਕਦੀ ਨੰਗੇ ਆਸਮਾਨ ਥੱਲੇ ਫੋਕੇ ਹੀ ਕੱਟਦਾ ਹੈ। ਮਰਦਾਨੇ ਦੀਆਂ ਗੱਲਾ ਸੁਣ ਹੋਰ ਵੀ ਕਈ ਜਵਾਨ ਬਾਬੇ ਨਾਲ ਸੈਲ ਤੇ ਜਾਣ ਲਈ ਤਿਆਰ ਸਨ। ਪਰ ਲੰਕਾ ਦੀ ਉਦਾਸੀ ਮੌਕੇ ਨਾਲ ਜਾਣ ਲਈ ਬਾਬੇ ਨੇ ਬਾਕੀ ਜਵਾਨਾਂ ਨੂੰ ਮਨਾ ਕਰ ਦਿੱਤਾ।

-----◈-----

## 1512- ਪੱਖੋਕੇ ਪਹੁੰਚ ਗਿਆ ਬਾਬਾ ਸਹੁਰਾ ਜਵਾਈ ਨੂੰ ਘਰ ਲਿਆਉਣ ਗਿਆ

ਗੁਰੂ ਸਾਹਿਬ ਸੁਲਤਾਨਪੁਰ ਤੋਂ ਚਲਕੇ ਵੱਖ ਵੱਖ ਥਾਂਈ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਪੱਖੋਕੇ ਤੋਂ 4 ਕਿ.ਮੀ ਉਰਾਂ ਅਜਿੱਤੇ ਰੰਧਾਵੇ ਦੇ ਖੂਹ ਤੇ ਆ ਬਿਰਾਜੇ। ਓਦੋਂ ਅਜੇ ਦਰਿਆ ਰਾਵੀ ਪਿੰਡ ਦੋਦੇ ਦੇ ਪਰਲੇ ਪਾਸੇ ਭਾਵ ਪਹਾੜ 'ਚ ਵਹਿੰਦਾ ਸੀ। ਲਗਦਾ ਹੈ ਕਿ ਜਿਸ ਵੇਲੇ ਗੁਰੂ ਸਾਹਿਬ ਅਜਿੱਤੇ ਦੇ ਖੂਹ ਤੇ ਪਹੁੰਚੇ ਅਜਿੱਤਾ ਓਥੇ ਹਾਜਰ ਸੀ। ਅਜਿਤੇ ਨੇ ਛੇਤੀ ਹੀ ਪਿੰਡ ਵੀ ਖਬਰ ਪਹੁੰਚਾ ਦਿਤੀ ਕਿ ਗੁਰੂ ਸਾਹਿਬ ਆਏ ਨੇ।

ਪਹਿਲਾਂ ਤਾਂ ਗੁਰੂ ਸਾਹਿਬ ਦੇ ਸਹੁਰਿਆਂ ਉਡੀਕਿਆ ਕਿ ਸ਼ਾਇਦ ਪ੍ਰਵਾਰ ਨੂੰ ਮਿਲਣ ਪੱਖੋਕੇ ਆਵੇਗਾ। ਜਦੋਂ ਰਾਤੀ ਵੀ ਗੁਰੂ ਸਾਹਿਬ ਪਿੰਡ ਨਾਂ ਗਏ ਤਾਂ ਅਗਲੇ ਸਵੇਰੇ ਸਹੁਰਾ ਮੂਲ ਚੰਦ ਚੋਣਾ ਅਜਿਤੇ ਰੰਧਾਵੇ ਜੋ ਇਲਾਕੇ ਦਾ ਮੁਹਤਬਰ ਬੰਦਾ, ਨੂੰ ਨਾਲ ਲਿਆ ਤੇ ਅਜਿਤੇ ਦੇ ਖੂਹ ਤੇ ਪਹੁੰਚ ਗਏ। ਗੁਰੂ ਸਾਹਿਬ ਨੇ ਬਹੁਤ ਹੀ ਸਾਦ ਮੁਰਾਦੇ ਕਪੜੇ ਪਹਿਨੇ ਹੋਏ ਸਨ। ਸਾਹਿਬ ਨੇ ਆਪਣੇ ਸਹੁਰਾ ਦੇ ਪੈਰੀ ਹੱਥ ਲਾਇਆ ਤੇ ਸਤਿ ਕਰਤਾਰ ਕਿਹਾ। ਸਹੁਰਾ ਸਾਹਿਬ ਅੱਗੋ ਅਸੀਸ ਦੇਣ ਦੀ ਬਿਜਾਏ ਚੁੱਪ ਰਹੇ।

ਅਜਿਤੇ ਨੇ ਫਿਰ ਗੁਰੂ ਸਾਹਿਬ ਤੇ ਸਵਾਲਾਂ ਦੀ ਝੜੀ ਲਾ ਦਿੱਤੀ। ਕਿ ਬੰਗਾਲ ਸੁਣਿਐ ਅਜੇ ਵੀ ਕਾਲ ਪਿਆ ਹੋਇਆ ਆ। ਮਥੁਰਾ ਵਾਲਾ ਮੰਦਰ ਭਲਾ ਢਾਹ ਦਿਤਾ ਵਾ? ਅਤੇ ਹੋਰ ਅਨੇਕਾਂ ਸਵਾਲ ਕਿ ਸੁਲਤਾਨਪੁਰ ਛੱਡਣ ਉਪਰੰਤ ਕਿਹੜੇ ਕਿਹੜੇ ਇਲਾਕੇ ਵੇਖੇ ਹਨ, ਆਦਿ, ਆਦਿ? ਗੁਰੂ ਸਾਹਿਬ ਬੜੀ ਹਲੀਮੀ ਤੇ ਠਰੱਮੇ ਨਾਲ ਅਜਿਤੇ ਦੇ ਸਵਾਲਾਂ ਦੇ ਜਵਾਬ ਦਿੰਦੇ ਰਹੇ। ਮੂਲ ਚੰਦ ਭਰਿਆ ਪੀਤਾ ਸਭ ਸੁਣਦਾ ਰਿਹਾ।

ਅਖੀਰ ਮੂਲਾ ਬੋਲ ਉਠਿਆ, "ਉਠ, ਚਲ ਹੁਣ ਘਰ, ਕਿ ਇਹ ਕਥਾ ਕਹਾਣੀਆਂ ਹੀ ਕਹੀ ਜਾਏਗਾ?"

ਗੁਰੂ ਸਾਹਿਬ ਨੇ ਕਿਹਾ ਕਿ ਮੈਂ ਇਥੇ ਹੀ ਠੀਕ ਹਾਂ।

ਮੂਲਾ ਕੜ੍ਹਕ ਕੇ ਬੋਲ ਉਠਿਆਂ, "ਜਿਤਿਆ ਵੇਖ ਇਹ ਛੇਈਂ ਸਾਲੀ ਆਇਆ, ਤੇ ਹੈ ਸੂ ਪੁੱਛਿਆ ਪ੍ਰਵਾਰ ਦੀ ਸੁੱਖ ਸਾਂਦ।"

ਸ਼ਾਂਤੀ, ਸਬਰ ਸੰਤੋਖ ਦੇ ਸਮੁੰਦਰ ਗੁਰੂ ਸਾਹਿਬ ਚੁੱਪ ਰਹੇ।

ਅਜਿਤਾ ਵੀ ਬੋਲ ਉਠਿਆ ਕਿ ਬਾਬਾ ਜੀ ਪ੍ਰਵਾਰ ਦੀ ਖਬਰ ਤੁਹਾਨੂੰ ਲੈਣੀ ਚਾਹੀਦੀ ਹੈ।

ਗੁਰੂ ਸਾਹਿਬ ਨੇ ਕਿਹਾ, "ਜਿਤਿਆ ਜਿਸ ਕਰਤਾਰ ਨੇ ਪੈਦਾ ਕੀਤੇ ਹਨ, ਪ੍ਰਿਤਪਾਲਣਾ ਵੀ ਉਹ ਕਰ ਰਿਹਾ ਹੈ। ਕਲ੍ਹ ਆਉਦਿਆਂ ਹੀ ਮੈਂ ਸਭ ਖਬਰ ਸੁਰਤ ਲੈ ਲਈ ਸੀ। "

ਮੂਲੇ ਨੇ ਫਿਰ ਗੁੱਸੇ ਵਿੱਚ ਆ ਓਹੀ ਪੁਰਾਣਾ ਸਵਾਲ ਕਰ ਦੁਹਰਾਅ ਦਿੱਤਾ, "ਵਿਆਹ ਕਾਹਨੂੰ ਕਰਵਾਇਆ ਤੂੰ? ਮੇਰੀ ਧੀ ਦੀ ਜ਼ਿੰਦਗੀ ਕਿਓ ਖਰਾਬ ਕੀਤੀ?"

ਗੁਰੂ ਸਾਹਿਬ ਨੇ ਸਵਾਲ ਦਾ ਕੋਈ ਜਵਾਬ ਨਾਂ ਦਿੱਤਾ।

ਅਖੀਰ ਅਜਿਤੇ ਰੰਧਾਵੇ ਨੇ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ ਕਿ ਬਾਬਾ ਜੀ ਜੇ ਤੁਸੀ ਪੱਖੋਕੇ ਨਹੀ ਜਾਣਾ ਤਾਂ ਕਿਰਪਾ ਕਰੋ ਮੇਰੇ ਖੂਹ ਨੂੰ ਹੀ ਭਾਗ ਲਾਈ ਰੱਖੋ।

ਮੂਲਾ ਇੱਕ ਦਿਨ ਗੁਰੂ ਸਾਹਿਬ ਲਈ ਰੋਟੀ ਲੈ ਕੇ ਖੂਹ ਤੇ ਆਇਆ ਪਰ ਗੁਰੂ ਸਾਹਿਬ ਨੇ ਰੋਟੀ ਨਾਂ ਖਾਧੀ। ਪਰ ਅਜਿਤੇ ਦੇ ਘਰੋ ਜੋ ਆਉਦਾ ਸੀ ਉਹਦਾ ਸੇਵਨ ਕਰ ਲੈਂਦੇ ਸਨ।

ਇਥੇ ਹੀ ਫਿਰ ਮਾਤਾ ਸੁਲੱਖਣੀ (ਪੇਕਾ ਨਾਂ ਘੁੰਮੀ) ਆਪਣੀ ਮਾਤਾ ਭਾਵ ਚੰਦੋ ਰਾਣੀ ਨਾਲ ਗੁਰੂ ਸਾਹਿਬ ਨੂੰ ਮੱਥਾ ਟੇਕਣ ਆਈ। ਚੰਦੋ ਰਾਣੀ ਨੇ ਕੇ ਬਥੇਰੀਆਂ ਸਿਰ ਦੀਆਂ ਠੀਕਰੀਆਂ ਭੰਨੀਆਂ ਕਿ "ਪਰਾਹੁਣਿਆ ਘਰ ਚਲ। " ਪਰ ਗੁਰੂ ਸਾਹਿਬ ਸ਼ਾਂਤ ਰਹੇ ਤੇ ਉਹਦੇ ਗੁੱਸੇ ਭਰੀਆਂ ਗੱਲਾਂ ਦਾ ਕੋਈ ਜਵਾਬ ਨਾਂ ਦਿੱਤਾ।

ਕਿਉਕਿ ਗੁਰੂ ਸਾਹਿਬ ਦੀ ਆਮਦ ਦੀ ਖਬਰ ਇਲਾਕੇ ਨੂੰ ਲਗ ਚੁੱਕੀ ਸੀ ਇਸ ਕਰਕੇ ਹੁੰਮ ਹੁੰਮਾ ਕੇ ਲੋਕਾਈ ਅਜਿੱਤੇ ਦੇ ਖੂਹ ਤੇ ਪਹੁੰਚ ਰਹੀ ਸੀ। ਸੰਗਤਾਂ ਦੀ ਭੀੜ ਕਰਕੇ ਪ੍ਰਵਾਰਕ ਮਿਲਣੀ ਜਿਆਦਾ ਲੰਮੀ ਨਹੀ ਸੀ ਚਲੀ। ਛੇਤੀ ਹੀ ਮਾਤਾ ਸੁਲੱਖਣੀ ਸੰਗਤ ਦੀ ਸੇਵਾ ਵਿਚ ਪਾਣੀ ਧਾਣੀ ਪੁੱਛਣ ਵਿਚ ਰੁੱਝ ਗਈ।

ਪੁੱਤਰ ਲਖਮੀ ਚੰਦ ਪਿਤਾ ਨੂੰ ਮਿਲਣ ਨਹੀ ਆਇਆ। ਸ੍ਰੀ ਚੰਦ ਪਹਿਲਾਂ ਹੀ ਸਨਿਆਸ ਲੈ ਚੁੱਕਾ ਸੀ ਤੇ ਕਿਤੇ ਦੂਰ ਦੁਰਾਡੇ ਗਇਆ ਹੋਇਆ ਸੀ।

ਅਜਿਤੇ ਦਾ ਖੂਹ ਮੁਕੱਦਸ ਅਸਥਾਨ ਬਣ ਚੁੱਕਾ ਸੀ। ਸਾਰਾ ਦਿਨ ਸੰਗਤਾਂ ਦੀ ਰੌਣਕ ਲੱਗੀ ਰਹਿੰਦੀ ਸੀ। ਹੌਲੀ ਹੌਲੀ ਫਿਰ ਸਹੁਰਿਆਂ ਦੇ ਸਾਰੇ ਪ੍ਰਵਾਰ ਨੇ ਮਿਲਣਾ ਸ਼ੁਰੂ ਕਰ ਦਿਤਾ। ਲਖਮੀ ਦਾਸ ਵੀ ਇਕ ਦਿਨ ਆ ਮਿਲਿਆ। ਕਈ ਅਜੋਕੇ ਇਤਹਾਸਕਾਰਾਂ ਨੇ ਗੁਰੂ ਸਾਹਿਬ ਦਾ ਪਹਿਲਾਂ ਦੋਦੇ ਦੇ ਪਿੰਡ ਜਾਣਾ ਲਿਖਿਆ ਹੈ ਜੋ ਗਲਤ ਹੈ ਪਿੰਡ ਦੋਦਾ ਪੱਖੋਕਿਆਂ ਦੇ ਬਿਲਕੁਲ ਨੇੜੇ ਹੀ ਹੁੰਦਾ ਸੀ। ਦਰਿਆ ਰਾਵੀ ਇਹਨਾਂ ਦੋਵਾਂ ਪਿੰਡਾਂ ਦੇ ਪਹਾੜ ਵਿਚ ਵਹਿੰਦਾ ਸੀ। ਇਤਹਾਸ ਅਨੁਸਾਰ ਜਿਆਦਾ ਸਮਾਂ ਸਾਹਿਬ ਅਜਿਤੇ ਦੇ ਡੇਰੇ ਤੇ ਰਹੇ ਤੇ ਕੁਝ ਸਮਾਂ ਦੋਦੇ ਦੇ ਡੇਰੇ ਨੇੜੇ। ਦੋਦੇ ਦਾ ਖੂਹ ਪੱਖੋਕਿਆ ਦੇ ਨੇੜੇ ਹੀ ਪੈਂਦਾ ਸੀ। ਇਹ ਵੱਖਰੀ ਗਲ ਹੈ ਬਾਦ ਵਿਚ ਦੁਨੀ ਚੰਦ ਕ੍ਰੋੜੀਏ ਨੇ ਜੋ ਜਮੀਨ ਅਲਾਟ ਕੀਤੀ ਉਹ ਪਿੰਡ ਦੋਦੇ ਦੇ ਲਾਗੇ ਸੀ। ਜਿਥੇ ਕਰਤਾਰਪੁਰ ਸਾਹਿਬ ਬੱਝਾ।

-----◈-----

## ਬਾਬੇ ਨੇ ਪੁੱਤਰ ਦੇ ਵਿਆਹ ਤੇ ਸਿਹਰਾ ਗਾਇਆ

(1512ਈ.) ਗੁਰੂ ਸਾਹਿਬ ਓਦੋਂ ਪੂਰਬ ਵਿਚ ਗੌੜ ਜਾਂ ਪੁਰੀ (ਉਡੀਸ਼ਾ) ਸਨ ਜਦੋਂ ਉਨਾਂ ਨੂੰ ਸੁਨੇਹਾ ਮਿਲਿਆ ਕਿ ਅਗਲੇ ਸਾਲ ਲਖਮੀ ਚੰਦ ਦਾ ਵਿਆਹ ਹੈ ਇਸ ਕਰਕੇ ਹਰ ਹਾਲਤ ਵਿੱਚ ਪੱਖੋਕੇ ਪਹੁੰਚੋ।

ਹੇਠਾਂ ਜੋ ਸ਼ਬਦ ਦਿਤਾ ਇਸ ਤੋਂ ਇਹੋ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਵਿਆਹ ਵਿੱਚ ਸ਼ਾਮਲ ਹੋਏ। ਖੁੱਦ ਦੇ ਫਕੀਰੀ ਭੇਸ ਵਿੱਚ ਹੋਣ ਦੇ ਬਾਵਜੂਦ ਜਿਹੜਾ ਕੁੜਮਾਂ ਨੇ ਗੁਰੂ ਸਾਹਿਬ ਦੇ ਪ੍ਰਵਾਰ ਨੂੰ ਪ੍ਰਵਾਨ ਕੀਤਾ ਸੀ ਇਸ ਤੇ ਗੁਰੂ ਸਾਹਿਬ ਅਹਿਸਾਨ ਵੀ ਜਿਤਾ ਰਹੇ ਨੇ। ਇਹ ਵੀ ਇਸ਼ਾਰਾ ਮਿਲਦਾ ਹੈ ਕਿ ਵਿਆਹ ਨਾਨੀ ਚੰਦੋ ਰਾਣੀ ਚੋਣੀ ਨੇ ਹੀ ਕੀਤਾ ਸੀ। ਮੂਲ ਵਿੱਚ ਤਾਂ ਗੁਰੂ ਸਾਹਿਬ ਕਰਤਾਰ ਦਾ ਹੀ ਸ਼ੁਕਰਾਨਾ ਕਰਦੇ ਹਨ ਕਿ ਜਿਸ ਨੇ ਪੈਦਾ ਕੀਤਾ ਹੈ ਉਹ ਹੀ ਸਾਰਾ ਇੰਤਜਾਮ ਕਰਦਾ ਹੈ। ਗੁਰੂ ਸਾਹਿਬ ਨੇ ਸੱਜਣਾ ਮਿਤ੍ਰਾ ਰਿਸ਼ਤੇਦਾਰਾਂ ਦਾ ਵੀ ਧੰਨਵਾਦ ਕੀਤਾ ਹੈ।

ਯਾਦ ਰਹੇ ਬਾਬਾ ਲਖਮੀ ਦਾਸ ਦਾ ਪਹਿਲਾ ਵਿਆਹ ਸਿਆਲ ਗੋਤ ਦੇ ਖੱਤਰੀਆਂ ਵਿੱਚ ਹੋਇਆ ਸੀ। ਐਤਕਾਂ ਵਿਆਹ ਬਟਾਲੇ ਦੇ ਭੰਡਾਰੀਆਂ ਵਿਚ ਹੈ। ਸ਼ਬਦ ਤੋਂ ਇਹ ਵੀ ਲੱਗਦਾ ਹੈ ਕਿ ਦੋਵਾਂ ਪ੍ਰਵਾਰਾਂ ਵਿੱਚੋਂ ਕਿਸੇ ਦਾ ਕੋਈ ਔਗੁਣ ਵੀ ਸਮਾਜ ਦੇ ਵਿੱਚਾਰ ਗੋਚਰਾ ਸੀ। ਸਾਹਿਬ ਨੇ ਕਿਹਾ ਕਿ ਅਗਲੇ ਦਾ ਗੁਣ ਲੈ ਲਓ।

ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥ ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥ ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥ ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥ ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥ ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥ ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥ ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥ ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥੪॥੧॥੪॥◈

—▲—

ਪੈੜ ਸੂਹਾ

◈ ਸੋਢੀ 2- 614 ਅਨੁਸਾਰ ਇਹ ਸ਼ਬਦ ਕਰਤਾਰਪੁਰ ਵਿਖੇ ਓਦੋਂ ਰਚਿਆ ਜਦੋਂ ਗੁਰੂ ਸਾਹਿਬ ਫਿਰੋਜਪੁਰ/ਦੀਪਾਲਪੁਰ ਦੇ ਦੌਰੇ ਤੋਂ ਪਰਤੇ ਸਨ। ਪਰ ਪਿੱਛੇ ਵੀ ਵੇਖਿਆ ਗਇਆ ਹੈ ਕਿ ਗੁਰੂ ਸਾਹਿਬ ਗੁਰਬਾਣੀ ਵਿੱਚ ਥਾਂਈ ਥਾਂਈ ਰਮਜਾਂ ਵੀ ਮਾਰਦੇ ਹਨ। ਸ਼ਬਦ ਦੀ ਸੁਨੇਹਾ ਇਹੋ ਇਸ਼ਾਰਾ ਕਰਦਾ ਹੈ ਕਿ ਕਿਸੇ ਵਿਆਹ ਸ਼ਾਦੀ ਮੌਕੇ ਗਾਇਆ ਗਿਆ। ਫਿਰ ਇਸ ਵਿੱਚ ਸ਼ੁਕਰਾਨੇ ਵਾਲੀ ਗਲ ਵੀ ਹੈ। ਗੁਰੂ ਸਾਹਿਬ ਨੇ ਥਾਂ ਥਾਂ ਸ਼ੁਕਰਾਨੇ ਕੀਤੇ ਹਨ ਪਰ ਹਰ ਥਾਂ ਨਿਰੰਕਾਰ ਅਕਾਲ ਪੁਰਖ ਦੇ। ਪਰ ਇਥੇ ਤਾਂ ਮਿਤ੍ਰਾ ਦਾ ਵੀ ਧੰਨਵਾਦ ਹੋ ਰਿਹਾ ਹੈ। ਉਜ ਮੂਲ ਵਿੱਚ ਉਹ ਨਿਰੰਕਾਰ ਦਾ ਹੀ ਸ਼ੁਕਰਾਨਾ ਕਰਦੇ ਹਨ ਜਦੋਂ ਕਹਿੰਦੇ ਹਨ ਕਿ ਜਿੰਨੇ ਪੈਦਾ ਕੀਤੇ ਹਨ ਉਹ ਹੀ ਵੇਖਦਾ ਹੈ। ਗੁਰੂ ਸਾਹਿਬ ਅਜਿਹੀ ਸ਼ਬਦਾਵਲੀ ਸਿਰਫ ਆਪਣੇ ਪ੍ਰਵਾਰ ਦੇ ਕਿਸੇ ਬੱਚੇ ਦੇ ਵਿਆਹ ਮੌਕੇ ਹੀ ਕਹਿ ਸਕਦੇ ਹਨ।

⊙ ਜਿਥੋਂ ਤੱਕ ਕਿਸੇ ਚਕ੍ਰਵਰਤੀ ਸਾਧੂ ਨੂੰ ਸੁਨੇਹਾ ਭੇਜਣ ਦੀ ਗਲ ਹੈ ਓਦੋਂ ਸਾਧੂ ਸੰਤ ਆਮ ਹੀ ਤੁਰੇ ਰਹਿੰਦੇ ਸਨ। ਭਾਰਤ ਭਰ ਤੀਰਥ ਟਿਕਾਣੇ ਤਹਿ ਹੀ ਸਨ ਸੋ ਹੋ ਸਕਦਾ ਕਿਸੇ ਸਾਧੂਆਂ ਦੇ ਟੋਲੇ ਨੂੰ ਸੁਨੇਹਾ ਦਿੱਤਾ ਹੋਵੇ ਕਿ ਜੇ ਬਾਬਾ ਮਿਲੇ ਤਾਂ ਉਨੂੰ ਸੁਨੇਹਾ ਦੇਣਾ। ਹੋਰ ਵੇਖੋ: ਦਿਲਜੀਤ ਸਿੰਘ ਬੇਦੀ -ਸ੍ਰੀ ਚੰਦ